ਸ਼੍ਰੇਣੀ-ਬਾਰ੍ਹਵੀਂ

ਸੰਗੀਤ ਵਾਦਨ

(ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀ (MR)

ਸਮਾਂ ਲਿਖਤ : 3 ਘੰਟੇ **ਲਿਖਤੀ: 60**
ਅੰਕ

ਪ੍ਰਯੋਗੀ: 20 ਮਿੰਟ **ਪ੍ਰਯੋਗੀ : 30**
ਅੰਕ

(ਪ੍ਰਤੀ ਵਿਦਿਆਰਥੀ) **ਸੀ.ਸੀ.ਈ : 10**

ਅੰਕ ਕੁੱਲ ਅੰਕ : 100

ਪ੍ਰਸ਼ਨ ਪੱਤਰ ਦੀ ਰੂਪ ਰੇਖਾ (ਲਿਖਤੀ)

ਪ੍ਰਸ਼ਨ ਪੱਤਰ ਵਿੱਚ ਕੁੱਲ 31 ਪ੍ਰਸ਼ਨ ਹੋਣਗੇ।

ਭਾਗ-I ਵਿੱਚ 1 ਤੋਂ 18 ਤੱਕ ਵਸਤੂਨਿਸ਼ਠ ਕਿਸਮ ਦੇ 2-2 ਅੰਕਾਂ ਦੇ ਪ੍ਰਸ਼ਨ ਹੋਣਗੇ। ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ। ਵਸਤੂਨਿਸ਼ਠ ਪ੍ਰਸ਼ਨ ਇੱਕ ਸ਼ਬਦ ਤੋਂ ਇੱਕ ਵਾਕ ਤੱਕ ਦੇ ਉੱਤਰ ਵਾਲੇ, ਖਾਲੀ ਥਾਵਾਂ ਭਰੋ, ਠੀਕ/ਗਲਤ, ਬਹੁ-ਭਾਂਤੀ ਪ੍ਰਸ਼ਨ ਅਤੇ ਸਹੀ ਮਿਲਾਣ ਵਾਲੇ ਪ੍ਰਸ਼ਨ ਪੁੱਛੇ ਜਾਣਗੇ।

ਭਾਗ-II ਵਿੱਚ ਪ੍ਰਸ਼ਨ 19 ਤੋਂ 26 ਤੱਕ 3-3 ਅੰਕਾਂ ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੋਣਗੇ ਜਿੰਨਾ ਦਾ ਉੱਤਰ ਇੱਕ ਤੋਂ ਦੋ ਵਾਕਾਂ ਵਿੱਚ ਹੋਣਾ ਚਾਹੀਦਾ ਹੈ। 8 ਪ੍ਰਸ਼ਨਾਂ ਵਿੱਚੋਂ ਕੋਈ 4 ਪ੍ਰਸ਼ਨ ਕਰਨੇ ਲਾਜ਼ਮੀ ਹੋਣਗੇ।

ਭਾਗ-III ਵਿੱਚ ਪ੍ਰਸ਼ਨ ਨੰਬਰ 27 ਤੋਂ 31 ਤੱਕ 4-4 ਅੰਕਾਂ ਵਾਲੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ ਹੋਣਗੇ। ਇੰਨ੍ਹਾਂ ਪ੍ਰਸ਼ਨਾਂ ਦਾ ਉੱਤਰ ਪੰਜ ਤੋਂ ਅੱਠ ਵਾਕਾਂ ਵਿੱਚ ਹੋਣਾ ਚਾਹੀਦਾ ਹੈ। 5 ਵਿੱਚੋਂ ਕੋਈ 3 ਪ੍ਰਸ਼ਨ ਕਰਨੇ ਲਾਜ਼ਮੀ ਹੋਣੇਗੇ।

ਵਸਤੂਨਿਸ਼ਠ ਪ੍ਰਸ਼ਨ (ਇੱਕ ਸ਼ਬਦ ਤੋਂ ਇੱਕ ਲਾਈਨ ਵਿੱਚ)

ਪ੍ਰਸ਼ਨ 1	ਸੰਗੀਤ ਦੇ ਆਧੁਨਿਕ ਕਾਲ ਦਾ ਆਰੰਭ ਕਦੋਂ ਤੋਂ ਮੰਨਿਆਂ ਜਾਂਦਾ ਹੈ?
ਉੱਤਰ	1800 ਈਸਵੀ
ਪ੍ਰਸ਼ਨ 2	'ਨਗਮਾਤੇ ਆਸਫ਼ੀ' ਗ੍ਰੰਥ ਦੀ ਰਚਨਾ ਕਿਸਨੇ ਕੀਤੀ?
ਉੱਤਰ	ਮੁਹੰਮਦ ਰਜ਼ਾ ਨੇ।
ਪ੍ਰਸ਼ਨ 3	'ਸੰਗੀਤ ਰਾਗ ਕਲਪਦ੍ਰੁਮ' ਦੀ ਰਚਨਾ ਕਿਸਨੇ ਕੀਤੀ?
ਉੱਤਰ	ਸ਼੍ਰੀ ਕ੍ਰਿਸ਼ਨ ਨੰਦ ਵਿਆਸ ਨੇ।
ਪ੍ਰਸ਼ਨ 4	ਸਰ ਐੱਸ.ਐੱਮ ਟੈਗੋਰ ਨੇ ਕਿਸ ਪੁਸਤਕ ਦੀ ਰਚਨਾ ਕੀਤੀ?
ਉੱਤਰ	'The Universal History of Music' (ਦਾ ਯੂਨੀਵਰਸਲ ਹਿਸਟਰੀ ਆਫ਼ ਮਿਉਜ਼ਿਕ)
ਪ੍ਰਸ਼ਨ 5	ਕਿਸ ਭਾਰਤੀ ਸੰਗੀਤਕਾਰ ਨੇ ਸੰਗੀਤ ਵਿੱਚ ਭਗਤੀ ਰਸ ਭਰਿਆ?
ਉੱਤਰ	ਪੰ ਵਿਸ਼ਨੂੰ ਦਿਗੰਬਰ ਪੁਲਸਕਰ ਨੇ।
ਪ੍ਰਸ਼ਨ 6	ਪੰ. ਵਿਸ਼ਨੂੰ ਦਿਸੰਬਰ ਦੁਆਰਾ ਰਚਿਤ ਦੋ ਪੁਸਤਕਾਂ ਦੇ ਨਾਂ ਦੱਸੋ।
ਉੱਤਰ	ਸੰਗੀਤ ਬਾਲ ਪ੍ਰਕਾਸ਼, ਟੱਪਾ ਗਾਇਨ।
ਪ੍ਰਸ਼ਨ 7	ਪੰ. ਵਿਸ਼ਨੂੰ ਦਿਗੰਬਰ ਪੁਲਸਕਰ ਨੇ ਕਿਸ ਵਿਦਿਆਲਯ ਦੀ ਸਥਾਪਨਾ ਕੀਤੀ?
ਉੱਤਰ	ਲਾਹੌਰ ਵਿਖੇ 'ਗੰਧਰਵ ਮਹਾਂ ਵਿਦਿਆਲਯ'
ਪ੍ਰਸ਼ਨ 8	ਪੰ. ਭਾਤਖੰਡੇ ਜੀ ਦੀਆਂ ਦੋ ਪੁਸਤਕਾਂ ਦੇ ਨਾਂ ਲਿਖੋ

ਉੱਤਰ ਅਭਿਨਵ ਰਾਗ ਮੰਜਰੀ, ਕ੍ਰਮਿਕ ਪੁਸਤਕ ਮਲਿਕਾ।

ਪ੍ਰਸ਼ਨ 9 ਪੰ. ਭਾਤਖੰਡੇ ਜੀ ਨੇ ਕਿਸ ਸੁਰ ਲਿਪੀ ਪੱਧਤੀ ਦੀ ਖੋਜ ਕੀਤੀ?

ਉੱਤਰ ਭਾਤਖੰਡੇ ਸੁਰ ਲਿਪੀ ਪੱਧਤੀ ਦੀ।

ਪ੍ਰਸ਼ਨ 10 ਸੰਗੀਤ ਨਾਟਕ ਅਕਾਦਮੀ ਦੀ ਸਥਾਪਨਾ ਕਦੋਂ ਹੋਈ?

ਉੱਤਰ 1953 ਈ: ਵਿੱਚ।

ਪ੍ਰਸ਼ਨ 11 ਆਧੁਨਿਕ ਸਮੇਂ ਵਿੱਚ ਸੰਗੀਤਕਾਰਾਂ ਨੂੰ ਕਿਹੜੇ ਅਲੰਕਰਣਾਂ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ?

ਉੱਤਰ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ ਅਲੰਕਰਣਾਂ ਨਾਲ।

ਪ੍ਰਸ਼ਨ 12 ਆਧੁਨਿਕ ਸਮੇਂ ਵਿੱਚ ਕਰਵਾਏ ਜਾ ਰਹੇ ਦੋ ਸੰਗੀਤ ਸੰਮੇਲਨਾਂ ਦੇ ਨਾਂ ਦੱਸੋ?

ਉੱਤਰ ਹਰੀਵਲੱਭ ਸੰਗੀਤ ਸੰਮੇਲਨ ਜਲੰਧਰ, ਰੇਡੀਓ ਸੰਗੀਤ ਸੰਮੇਲਨ।

ਪ੍ਰਸ਼ਨ 13 ਆਧੁਨਿਕ ਸਮੇਂ ਦੇ ਦੋ ਸਿਤਾਰ ਵਾਦਕਾਂ ਦੇ ਨਾਂ ਦੱਸੋ?

ਉੱਤਰ ਪੰ. ਰਵੀ ਸ਼ੰਕਰ, ਉ. ਵਿਲਾਇਤ ਖਾਂ।

ਪ੍ਰਸ਼ਨ 14 ਆਧੁਨਿਕ ਸਮੇਂ ਦੇ ਦੋ ਗਾਇਕਾਂ ਦੇ ਨਾਂ ਲਿਖੋ।

ਉੱਤਰ ਪੰ. ਜਸਰਾਜ, ਪਰਵੀਨ ਸੁਲਤਾਨਾ

ਪ੍ਰਸ਼ਨ 15 ਸਿਤਾਰ ਦਾ ਆਵਿਸ਼ਕਾਰ ਕਦੋਂ ਹੋਇਆ?

ਉੱਤਰ 13ਵੀਂ-14ਵੀਂ ਸ਼ਤਾਬਦੀ ਵਿੱਚ।

ਪ੍ਰਸ਼ਨ 16 ਸਿਤਾਰ ਦੇ ਆਵਿਸ਼ਕਾਰ ਦਾ ਨਾਂ ਦੱਸੋ?

ਉੱਤਰ ਖੁਸਰੋ ਖਾਂ।

ਪ੍ਰਸ਼ਨ 17 ਸਿਤਾਰ ਵਿੱਚ ਲਰਜ਼ ਦਾ ਤਾਰ ਕਿਸਨੇ ਲਗਾਇਆ?

ਉੱਤਰ ਪੰ. ਰਵੀ ਸ਼ੰਕਰ ਨੇ।

ਪ੍ਰਸ਼ਨ 18 ਸਿਤਾਰ ਵਿੱਚ ਤਰਬ ਦੇ ਤਾਰ ਕਿਸ ਨੇ ਲਗਾਏ?

ਉੱਤਰ ਉ. ਇਮਦਾਦ ਖਾਂ ਨੇ।

ਪ੍ਰਸ਼ਨ 19 ਸਿਤਾਰ ਦਾ ਤੁੰਬਾ ਕਿਸ ਚੀਜ਼ ਤੋਂ ਬਣਿਆ ਹੁੰਦਾ ਹੈ?

ਉੱਤਰ ਜੰਗਲੀ ਲੌਕੀ ਤੋਂ।

ਪ੍ਰਸ਼ਨ 20 ਸਿਤਾਰ ਦੇ ਲੰਬੇ ਖੋਖਲੇ ਭਾਗ ਨੂੰ ਕੀ ਕਹਿੰਦੇ ਹਨ?

ਉੱਤਰ ਡਾਂਡ।

ਪ੍ਰਸ਼ਨ 21 ਤੁੰਬੇ ਦੇ ਢੱਕਣ ਨੂੰ ਕੀ ਕਹਿੰਦੇ ਹਨ?

ਉੱਤਰ ਤਬਲੀ

ਪ੍ਰਸਨ 22 ਤੁੰਬੇ ਤੇ ਡਾਂਡ ਦੇ ਜੋੜੇ ਸਥਾਨ ਨੂੰ ਕੀ ਕਹਿੰਦੇ ਹਨ?

ਉੱਤਰ ਗੁੱਲੂ।

ਪ੍ਰਸ਼ਨ 23 ਸਿਤਾਰ ਵਿੱਚ ਕਿੰਨੇ ਪਰਦੇ ਹੁੰਦੇ ਹਨ?

ਉੱਤਰ 16 ਤੋਂ 24 ਤੱਕ

ਪ੍ਰਸ਼ਨ 24 ਸਿਤਾਰ ਵਿੱਚ ਮੁੱਖ ਤਾਰਾਂ ਦੀ ਸੰਖਿਆ ਦੱਸੋ।

ਉੱਤਰ ਸੱਤ

ਪ੍ਰਸ਼ਨ 25 ਬਾਜ ਦੇ ਤਾਰ ਨੂੰ ਕਿਸ ਸੁਰ ਨਾਲ ਮਿਲਾਇਆ ਜਾਂਦਾ ਹੈ?

ਉੱਤਰ ਮੰਦਰ 'ਸ਼' ਨਾਲ

ਪ੍ਰਸ਼ਨ 26 ਜੋੜੀ ਦੇ ਤਾਰ ਕਿਸ ਸੁਰ ਨਾਲ ਮਿਲਾਏ ਜਾਂਦੇ ਹਨ?

ਉੱਤਰ ਮੰਦਰ 'ਸ਼' ਨਾਲ

ਪ੍ਰਸ਼ਨ 27 ਸਿਤਾਰ ਦੇ ਵੱਖ-ਵੱਖ ਭਾਗਾਂ ਦੇ ਨਾਂ ਦੱਸੋ?

ਉੱਤਰ ਡਾਂਡ, ਤੂੰਬਾ, ਤਬਲੀ, ਘੁੜਚ

ਪ੍ਰਸ਼ਨ 28 ਤਰਬ ਦੇ ਤਾਰਾਂ ਦੀ ਸੰਖਿਆ ਦੱਸੋ?

ਉੱਤਰ 8 ਤੋਂ 13 ਤੱਕ

ਪ੍ਰਸ਼ਨ 29 ਤਬਲੇ ਦਾ ਆਵਿਸ਼ਕਾਰਕ ਕਿਸ ਨੂੰ ਮੰਨਿਆ ਜਾਂਦਾ ਹੈ?

ਉੱਤਰ ਖੁਸਰੋ ਖਾਂ ਨੂੰ

ਪ੍ਰਸ਼ਨ 30 ਤਬਲੇ ਦੇ ਦੋ ਘਰਾਣਿਆਂ ਦੇ ਨਾਂ ਦੱਸੋ?

ਉੱਤਰ ਅਜਰਾੜਾ, ਘਰਾਣਾ, ਬਨਾਰਸ ਘਰਾਣਾ

ਪ੍ਰਸ਼ਨ 31 ਤਬਲੇ ਦੇ ਵੱਖ-ਵੱਖ ਭਾਗਾਂ ਦੇ ਨਾਂ ਦੱਸੋ?

ਉੱਤਰ ਪੁੜੀ, ਗਜਰਾ, ਮੈਦਾਨ, ਸਿਆਹੀ, ਗੱਟੇ

ਪ੍ਰਸ਼ਨ 32 ਸੱਜੇ ਤਬਲੇ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?

ਉੱਤਰ ਚੱਠੂ

ਪ੍ਰਸ਼ਨ 33 ਪੁੜੀ ਕਿਸ ਦੀ ਬਣੀ ਹੁੰਦੀ ਹੈ?

ਉੱਤਰ ਬੱਕਰੇ ਦੀ ਖੱਲ ਦੀ

ਪ੍ਰਸ਼ਨ 34 ਪੁੜੀ ਦੇ ਵਿੱਚਲੇ ਭਾਗ ਤੇ ਲੱਗੇ ਹੋਏ ਕਾਲੇ ਰੰਗ ਦੇ ਮਸਾਲੇ ਨੂੰ ਕੀ ਕਹਿੰਦੇ ਹਨ?

ਉੱਤਰ ਸਿਆਹੀ

ਪ੍ਰਸ਼ਨ 35 ਖੱਬੇ ਤਬਲੇ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?

ਉੱਤਰ ਡੱਗਾ ਜਾਂ ਡੁੱਗੀ

ਪ੍ਰਸ਼ਨ 36 ਸੱਜੇ ਤਬਲੇ ਨੂੰ ਕਿਸ ਸਵਰ ਤੇ ਮਿਲਾਇਆ ਜਾਂਦਾ ਹੈ?

ਉੱਤਰ ਸ, ਮ, ਜਾਂ ਪ ਨਾਲ

ਪ੍ਰਸ਼ਨ 37 ਸਪਤਕ ਦੇ ਪਹਿਲੇ ਭਾਗ-ਸ ਰੇ ਗ ਮ ਨੂੰ ਕੀ ਕਹਿੰਦੇ ਹਨ?

ਉੱਤਰ ਪੂਰਵਾਂਗ

ਪ੍ਰਸ਼ਨ 38 ਸਪਤਕ ਦੇ ਦੂਸਰੇ ਭਾਗ- ਪ ਧ ਨੀ ਸਂ ਨੂੰ ਕੀ ਕਹਿੰਦੇ ਹਨ?

ਉੱਤਰ ਉਤਰਾਂਗ

ਪ੍ਰਸ਼ਨ 39 ਪੂਰਵਾਂਗਵਾਦੀ ਰਾਗਾਂ ਦਾ ਸਮਾਂ ਕੀ ਹੁੰਦਾ ਹੈ?

ਉੱਤਰ ਦਿਨ ਦੇ 12 ਵਜੇ ਤੋਂ ਰਾਤ ਦੇ 12 ਵਜੇ ਤੱਕ।

ਪ੍ਰਸ਼ਨ 40 ਉਤਰਾਂਗ ਰਾਗਾਂ ਦਾ ਗਾਇਨ ਸਮਾਂ ਕੀ ਹੁੰਦਾ ਹੈ?

ਉੱਤਰ ਰਾਤ ਦੇ 12 ਵਜੇ ਤੋਂ ਦਿਨ ਦੇ 12 ਵਜੇ ਤੱਕ

ਪ੍ਰਸ਼ਨ 41 ਰਾਗ ਦਾ ਸਮਾਂ ਨਿਸ਼ਚਿਤ ਕਰਨ ਵਿੱਚ ਕਿਹੜਾ ਸਵਰ ਭੂਮਿਕਾ ਨਿਭਾਉਂਦਾ ਹੈ?

ਉੱਤਰ ਵਾਦੀ ਸਵਰ

ਪ੍ਰਸ਼ਨ 42 ਰੇ ਅਤੇ ਧ ਕੋਮਲ ਸਵਰਾਂ ਵਾਲੇ ਰਾਗਾਂ ਦਾ ਸਮਾਂ ਦੱਸੋ।

ਉੱਤਰ ਸਵੇਰ ਦੇ 4 ਵਜੇ ਤੋਂ 7 ਵਜੇ ਤੱਕ ਅਤੇ ਸ਼ਾਮ ਨੂੰ 4 ਵਜੇ ਤੋਂ 7 ਵਜੇ ਤੱਕ

ਪ੍ਰਸ਼ਨ 43 ਰੇ ਅਤੇ ਧ ਸ਼ੁੱਧ ਸਵਰਾਂ ਵਾਲੇ ਰਾਗਾਂ ਦਾ ਸਮਾਂ ਦੱਸੋ?

ਉੱਤਰ ਦਿਨ ਦੇ 7 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ ਦੇ 7 ਵਜੇ ਤੋਂ 10 ਵਜੇ ਤੱਕ।

ਪ੍ਰਸ਼ਨ 44 'ਗੁ' ਅਤੇ 'ਨੀ' ਕੋਮਲ ਸਵਰਾਂ ਵਾਲੇ ਰਾਗਾਂ ਦਾ ਸਮਾਂ ਦੱਸੋ?

ਉੱਤਰ ਸਵੇਰ ਦੇ 10 ਵਜੇ ਤੋਂ ਸ਼ਾਮ ਦੇ 4 ਵਜੇ ਤੱਕ ਅਤੇ ਰਾਤ ਦੇ 10 ਵਜੇ ਤੋਂ ਸਵੇਰ ਦੇ 4 ਵਜੇ ਤੱਕ।

ਪ੍ਰਸ਼ਨ 45 ਰੇ ਅਤੇ ਧ ਕੋਮਲ ਸਵਰਾਂ ਵਾਲੇ ਰਾਗਾਂ ਵਿੱਚ ਕਿਹੜੇ ਥਾਟਾਂ ਦੇ ਰਾਗ ਆਉਂਦੇ ਹਨ?

ਉੱਤਰ ਭੈਰਵੀ, ਪੂਰਵੀ ਤੇ ਮਾਰਵਾ

ਪ੍ਰਸ਼ਨ 46 ਰੇ, ਧ ਸ਼ੁੱਧ ਸਵਰਾਂ ਵਾਲੇ ਰਾਗਾਂ ਦੇ ਅੰਤਰਗਤ ਕਿਹੜੇ ਥਾਟਾਂ ਦੇ ਰਾਗ ਆਉਂਦੇ ਹਨ?

ਉੱਤਰ ਬਿਲਾਵਲ, ਕਲਿਆਣ ਅਤੇ ਖਮਾਜ

ਪ੍ਰਸ਼ਨ 47 ਗੁ,ਨੀ ਕੋਮਲ ਸਵਰਾਂ ਵਾਲੇ ਰਾਗਾਂ ਦੇ ਅੰਤਰਗਤ ਕਿਹੜੇ ਥਾਟਾਂ ਦੇ ਰਾਗ ਆਉਂਦੇ ਹਨ?

ਉੱਤਰ ਕਾਫੀ, ਤੋੜੀ, ਭੈਰਵੀ ਤੇ ਆਸਾਵਰੀ

ਪ੍ਰਸ਼ਨ 48 ਗਾਉਣ-ਵਜਾਉਣ ਦੀ ਕ੍ਰਿਆ ਨੂੰ ਕੀ ਕਹਿੰਦੇ ਹਨ?

ਉੱਤਰ ਵਰਣ

ਪ੍ਰਸ਼ਨ 49 ਵਰਣ ਦੀਆਂ ਕਿਸਮਾਂ ਦੇ ਨਾਂ ਦੱਸੋ?

ਉੱਤਰ ਸਥਾਈ, ਆਰੋਹੀ, ਅਵਰੋਹੀ ਤੇ ਸੰਚਾਰੀ ਵਰਣ

ਪ੍ਰਸ਼ਨ 50 ਮੀਂਡ ਨੂੰ ਲਿਖਣ ਦਾ ਚਿੰਨ੍ਹ ਦੱਸੋ।

ਉੱਤਰ ਉਲਟਾ ਅਰਧ ਚੰਦਰ

ਪ੍ਰਸ਼ਨ 51 ਮੀਂਡ ਦੀਆਂ ਕਿਸਮਾਂ ਦੇ ਨਾਂ ਦੱਸੋ।

ਉੱਤਰ ਵਿਲੋਮ ਮੀਂਡ ਤੇ ਅਨੁਲੋਮ ਮੀਂਡ

ਪ੍ਰਸ਼ਨ 52 ਸਿਤਾਰ ਨੂੰ ਕਿਸ ਚੀਜ਼ ਨਾਲ ਵਜਾਇਆ ਜਾਂਦਾ ਹੈ?

ਉੱਤਰ ਮਿਜਰਾਬ ਨਾਲ

ਪ੍ਰਸ਼ਨ 53 ਝਾਲਾ ਵਾਦਨ ਕਿਹੜੀਆਂ ਤਾਰਾਂ ਤੇ ਕੀਤਾ ਜਾਂਦਾ ਹੈ?

ਉੱਤਰ ਬਾਜ ਅਤੇ ਚਿਕਾਰੀ ਦੇ ਤਾਰ ਤੇ।

ਪ੍ਰਸ਼ਨ 54 ਝਾਲੇ ਦੀਆਂ ਕਿਸਮਾਂ ਦੇ ਨਾਂ ਦੱਸੋ।

ਉੱਤਰ ਉਲਟ ਝਾਲਾ ਅਤੇ ਸੁਲਟ ਝਾਲਾ

ਪ੍ਰਸ਼ਨ 55 ਚਿਕਾਰੀ ਦੀ ਤਾਰ ਨੂੰ ਹੋਰ ਕਿਸ ਨਾਮ ਨਾਲ ਜਾਣਦੇ ਹਨ?

ਉੱਤਰ ਪਪੀਹੇ ਦੀ ਤਾਰ

ਪ੍ਰਸ਼ਨ 56 ਸੂਤ ਦੀ ਕ੍ਰਿਆ ਕਿਹੜੇ ਸਾਜਾਂ ਤੇ ਕੀਤੀ ਜਾਂਦੀ ਹੈ?

ਉੱਤਰ ਬਿਨਾਂ ਪਰਦੇ ਵਾਲੇ ਸਾਜਾਂ ਤੇ

ਪ੍ਰਸ਼ਨ 57 ਜਿੰਨ੍ਹਾਂ ਰਾਗਾਂ ਤੇ ਕਿਸੇ ਦੂਸਰੇ ਰਾਗ ਦੀ ਛਾਇਆ ਪਵੇ, ਉਹਨਾਂ ਨੂੰ ਕੀ ਕਹਿੰਦੇ ਹਨ?

ਉੱਤਰ ਛਾਇਆਲਗ ਰਾਗ

ਪ੍ਰਸ਼ਨ 58 ਦੋ ਸੰਕੀਰਣ ਰਾਗਾਂ ਦੇ ਨਾਂ ਦੱਸੋ।

ਉੱਤਰ ਭੈਰਵੀ, ਝਿੰਝੋਟੀ

ਪ੍ਰਸ਼ਨ 59 ਵਾਦਕ ਨੂੰ ਸੰਗੀਤ ਸਿੱਖਿਆ ਕਿਸ ਤੋਂ ਲੈਣੀ ਚਾਹੀਦੀ ਹੈ?

ਉੱਤਰ ਯੋਗ ਸੰਗੀਤ ਗੁਰੂ ਤੋਂ

ਪ੍ਰਸ਼ਨ 60 ਰਾਗ ਦੀ ਉੱਤਪਤੀ ਕਿਸ ਤੋਂ ਹੁੰਦੀ ਹੈ?

ਉੱਤਰ ਥਾਟ ਤੋਂ

ਪ੍ਰਸ਼ਨ 61	ਪੰ. ਭਾਤਖੰਡੇ ਜੀ ਨੇ ਕਿੰਨ੍ਹੇ ਥਾਟਾਂ ਦੇ ਅੰਤਰਗਤ ਰਾਗਾਂ ਦਾ ਵਰਗੀਕਰਨ ਕੀਤਾ?
ਉੱਤਰ	10 ਥਾਟਾਂ ਦੇ ਅੰਤਰਗਤ
ਪ੍ਰਸ਼ਨ 62	ਸ਼ੁੱਧ ਸਵਰਾਂ ਵਾਲੇ ਥਾਟ ਦਾ ਨਾਂ ਦੱਸੋ?
ਉੱਤਰ	ਬਿਲਾਵਲ ਥਾਟ
ਪ੍ਰਸ਼ਨ 63	ਕਲਿਆਣ ਥਾਟ ਵਿੱਚ ਕਿਹੜੇ ਸਵਰ ਲੱਗਦੇ ਹਨ?
ਉੱਤਰ	ਮੇ ਤੀਵਰ ਬਾਕੀ ਸਵਰ ਸ਼ੁੱਧ
ਪ੍ਰਸ਼ਨ 64	ਰੇ, ਧ ਕੋਮਲ ਸਵਰਾਂ ਵਾਲੇ ਥਾਟ ਦਾ ਨਾਂ ਦੱਸੋ।
ਉੱਤਰ	ਭੈਰਵ ਥਾਟ
ਪ੍ਰਸ਼ਨ 65	ਭੈਰਵੀ ਥਾਟ ਦੇ ਅੰਤਰਗਤ ਆਉਣ ਵਾਲੇ ਰਾਗਾਂ ਦੇ ਨਾਂ ਦੱਸੋ।
ਉੱਤਰ	ਮਾਲਕੌਂਸ, ਭੈਰਵੀ
ਪ੍ਰਸ਼ਨ 66	ਕਾਫ਼ੀ ਥਾਟ ਦੇ ਅੰਤਰਗਤ ਆਉਣ ਵਾਲੇ ਰਾਗਾਂ ਦੇ ਨਾਂ ਦੱਸੋ?
ਉੱਤਰ	ਬਾਗੇਸ਼ਵਰੀ, ਭੀਮਪਲਾਸੀ
ਪ੍ਰਸ਼ਨ 67	ਇੱਕ ਰਾਗ ਵਿੱਚ ਘੱਟ ਤੋਂ ਘੱਟ ਕਿੰਨੇ ਸਵਰ ਲਗਦੇ ਹਨ?
ਉੱਤਰ	5 ਸਵਰ
ਪ੍ਰਸ਼ਨ 68	ਇੱਕ ਰਾਗ ਵਿੱਚ ਵੱਧ ਤੋਂ ਵੱਧ ਕਿੰਨ੍ਹੇ ਸਵਰ ਲਗਦੇ ਹਨ?
ਉੱਤਰ	7 ਸਵਰ
ਪ੍ਰਸ਼ਨ 69	ਰਾਗ ਵਿੱਚ ਕਿਹੜਾ ਸਵਰ ਕਦੀ ਵੀ ਵਰਜਿਤ ਨਹੀਂ ਹੋ ਸਕਦਾ?
ਉੱਤਰ	'ਸ' ਸਵਰ
ਪ੍ਰਸ਼ਨ 70	ਤੋੜੀ ਥਾਟ ਦਾ ਰਾਗਾਂ ਦੇ ਨਾਂ ਦੱਸੋ?
ਉੱਤਰ	ਤੋੜੀ, ਮੁਲਤਾਨੀ
ਪ੍ਰਸ਼ਨ 71	ਸਾਰੀਆਂ ਕਲਾਵਾਂ ਨਾਲੋਂ ਕੋਮਲ ਲਲਿਤ ਕਲਾ ਕਿਹੜੀ ਹੈ?
ਉੱਤਰ	ਸੰਗੀਤ ਕਲਾ
ਪ੍ਰਸ਼ਨ 72	ਸੰਗੀਤ ਕਲਾ ਦਾ ਆਧਾਰ ਕੀ ਹੈ?
ਉੱਤਰ	ਸੱਤ ਸਵਰ
ਪ੍ਰਸ਼ਨ 73	ਚਿੱਤਰਕਲਾ ਵਿੱਚ ਭਾਵ ਪ੍ਰਗਟਾਵੇ ਦਾ ਸਥਾਨ ਕੀ ਹੈ?
ਉੱਤਰ	ਸੱਤ ਰੰਗ
ਪ੍ਰਸ਼ਨ 74	ਉ. ਅਲਾਉਦੀਨ ਖਾਂ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
ਉੱਤਰ	ਤ੍ਰਿਪੁਰਾ ਦੇ ਸ਼ਿਵਪੁਰ ਨਾਮਕ ਪਿੰਡ ਵਿੱਚ 1881 ਈ. ਵਿੱਚ।
ਪ੍ਰਸ਼ਨ 75	ਉ. ਅਲਾਉਦੀਨ ਖਾਂ ਦੇ ਪਿਤਾ ਦਾ ਨਾਂ ਦੱਸੋ।
ਉੱਤਰ	ਸਾਧੂ ਖਾਂ।
ਪ੍ਰਸ਼ਨ 76	ਉ. ਆਲਾਉਦੀਨ ਖਾਂ ਨੇ ਕਿਹੜੇ ਦਰਬਾਰ ਵਿੱਚ ਸੰਗੀਤਕਾਰ ਵੱਜੋਂ ਨੌਕਰੀ ਕੀਤੀ?
ਉੱਤਰ	ਮੈਹਰ ਰਿਆਸਤ ਦੇ ਦਰਬਾਰੀ ਸੰਗੀਤਕਾਰ ਵਜੋਂ
ਪ੍ਰਸ਼ਨ 77	'ਉ. ਅਲਾਉਦੀਨ ਖਾਂ ਦੇ ਬੱਚਿਆਂ ਦੇ ਨਾਂ ਦੱਸੋ।
ਉੱਤਰ	ਪੁੱਤਰ ਅਲੀ ਅਕਬਰ ਖਾਂ ਤੇ ਪੁੱਤਰੀ ਅੰਨਪੂਰਨਾ ਦੇਵੀ।
ਪ੍ਰਸ਼ਨ 78	ਭਾਰਤ ਸਰਕਾਰ ਵੱਲੋਂ ਉ. ਅਲਾਉਦੀਨ ਖਾਂ ਨੂੰ ਕਿਹੜੀਆ-ਕਿਹੜੀਆਂ ਉਪਾਧੀਆਂ ਦਿੱਤੀਆ ਗਈਆ?

ਉੱਤਰ ਪਦਮ ਭੂਸ਼ਣ ਅਤੇ ਪਦਮ ਵਿਭੂਸ਼ਣ

ਪ੍ਰਸ਼ਨ 79 ਉ. ਅਲਾਉਦੀਨ ਖਾਂ ਦੇ ਦੋ ਸ਼ਗਿਰਦਾਂ ਦੇ ਨਾਂ ਦੱਸੋ?

ਉੱਤਰ ਪੰ ਰਵੀ ਸ਼ੰਕਰ, ਉ. ਅਲੀ ਅਕਬਰ ਖਾਂ

ਪ੍ਰਸ਼ਨ 80 ਉ. ਅਲਾਉਦੀਨ ਖਾਂ ਦਾ ਦਿਹਾਂਤ ਕਦੋਂ ਹੋਇਆ?

ਉੱਤਰ 6 ਸਤੰਬਰ 1972 ਵਿੱਚ

ਪ੍ਰਸ਼ਨ 81 ਨਿਖਿਲ ਬੈਨਰਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

ਉੱਤਰ 14 ਅਕਤੂਬਰ 1931 ਨੂੰ ਕਲਕੱਤਾ ਵਿਖੇ।

ਪ੍ਰਸ਼ਨ 82 ਨਿਖਿਲ ਬੈਨਰਜੀ ਦੇ ਪਿਤਾ ਦਾ ਨਾਮ ਦੱਸੋ।

ਉੱਤਰ ਸ਼੍ਰੀ ਜਤਿੰਦਰ ਨਾਥ ਬੈਨਰਜੀ।

ਪ੍ਰਸ਼ਨ 83 ਨਿਖਿਲ ਬੈਨਰਜੀ ਕਿਹੜਾ ਸਾਜ ਵਜਾਉਂਦੇ ਹਨ?

ਉੱਤਰ ਸਿਤਾਰ

ਪ੍ਰਸ਼ਨ 84 ਨਿਖਿਲ ਬੈਨਰਜੀ ਦੀ ਮੌਤ ਕਦੋਂ ਹੋਈ?

ਉੱਤਰ 14 ਜਨਵਰੀ 1986 ਵਿੱਚ

ਪ੍ਰਸ਼ਨ 85 ਪੰ. ਹਰਵਿੰਦਰ ਕੁਮਾਰ ਸ਼ਰਮਾ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

ਉੱਤਰ 29 ਮਈ, 1957 ਨੂੰ ਕਪੂਰਥਲਾ (ਪੰਜਾਬ) ਵਿੱਚ

ਪ੍ਰਸ਼ਨ 86 ਪੰ. ਹਰਵਿੰਦਰ ਕੁਮਾਰ ਸ਼ਰਮਾ ਦੇ ਪਿਤਾ ਦਾ ਨਾਂ ਦੱਸੋ?

ਉੱਤਰ ਸ਼੍ਰੀ ਮੇਘਰਾਜ ਸ਼ਰਮਾ

ਪ੍ਰਸ਼ਨ 87 ਪੰ. ਹਰਵਿੰਦਰ ਕੁਮਾਰ ਸ਼ਰਮਾ ਜੀ ਦੇ ਗੁਰੂ ਦਾ ਨਾਂ ਦੱਸੋ?

ਉੱਤਰ ਉ. ਵਿਲਾਇਤ ਖਾਂ ਸਾਹਿਬ

ਪ੍ਰਸ਼ਨ 88 ਪੰ. ਹਰਵਿੰਦਰ ਕੁਮਾਰ ਸ਼ਰਮਾ ਜੀ ਨੇ ਕਿਹੜੇ ਸੰਗੀਤ ਸੰਮੇਲਨਾਂ ਵਿੱਚ ਹਿੱਸਾ ਲਿਆ?

ਉੱਤਰ ਹਰੀਵਲੱਭ ਸੰਗੀਤ ਸੰਮੇਲਨ ਜਲੰਧਰ, ਤਾਨਸੇਨ ਸੰਗੀਤ ਸੰਮੇਲਨ ਗਵਾਲੀਅਰ

ਪ੍ਰਸ਼ਨ 89 ਪੰ. ਹਰਵਿੰਦਰ ਸ਼ਰਮਾ ਜੀ ਨੂੰ ਕਿਹੜੀਆਂ-ਕਿਹੜੀਆਂ ਉਪਾਧੀਆਂ ਨਾਲ ਸਨਮਾਨਿਤ ਕੀਤਾ ਗਿਆ ਹੈ?

ਉੱਤਰ ਉੱਤਮ ਨਾਗਰਿਕ ਕਰਮਯੋਗੀ, ਸੁਰ ਤਰੰਗ ਸਨਮਾਨ

ਪ੍ਰਸ਼ਨ 90 ਉ. ਵਿਲਾਇਤ ਖਾਂ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

ਉੱਤਰ 28 ਅਗਸਤ 1928 ਨੂੰ ਗੌਰੀਪੁਰ (ਪੂਰਬੀ ਬੰਗਾਲ) ਵਿੱਚ

ਪ੍ਰਸ਼ਨ 91 ਉ. ਵਿਲਾਇਤ ਖਾਂ ਕਿਹੜਾ ਸਾਜ ਵਜਾਉਂਦੇ ਸਨ?

ਉੱਤਰ ਸਿਤਾਰ

ਪ੍ਰਸ਼ਨ 92 ਵਿਲਾਇਤ ਖਾਂ ਸਾਹਿਬ ਦੇ ਪਿਤਾ ਦਾ ਨਾਂ ਦੱਸੋ।

ਉੱਤਰ ਇਨਾਇਤ ਖਾਂ

ਪ੍ਰਸ਼ਨ 93 ਉ. ਵਿਲਾਇਤ ਖਾਂ ਸਾਹਿਬ ਨੂੰ ਕਿਸ ਨਾਮ ਨਾਲ ਜਾਣਿਆ ਜਾਂਦਾ ਸੀ?

ਉੱਤਰ ਸਿਤਾਰ ਸਮਰਾਟ

ਪ੍ਰਸ਼ਨ 94 ਵਿਲਾਇਤ ਖਾਂ ਨੇ ਸਿਤਾਰ ਤੇ ਕਿਸ ਅੰਗ ਦਾ ਵਾਦਨ ਪੇਸ਼ ਕੀਤਾ?

ਉੱਤਰ ਗਾਇਕੀ ਅੰਗ ਦਾ।

ਪ੍ਰਸ਼ਨ 95 ਉ. ਵਿਲਾਇਤ ਖਾਂ ਦੇ ਸ਼ਾਗਿਰਦਾਂ ਦੇ ਨਾਂ ਦੱਸੋ।

ਉੱਤਰ ਸੁਜਾਤ ਖਾਂ, ਸ਼੍ਰੀ ਨਰਿੰਦਰ ਨਰੂਲਾ

ਪ੍ਰਸ਼ਨ 96	ਉ. ਵਿਲਾਇਤ ਖਾਂ ਦਾ ਦਿਹਾਂਤ ਕਦੋਂ ਹੋਇਆ?
ਉੱਤਰ	13 ਮਾਰਚ 2004 ਵਿੱਚ
ਪ੍ਰਸ਼ਨ 97	ਸਿਤਾਰ ਦੀਆਂ ਦੋ ਵਾਦਨ ਸ਼ੈਲੀਆਂ ਦੇ ਨਾਂ ਦੱਸੋ?
ਉੱਤਰ	ਮਸੀਤਖਾਨੀ ਬਾਜ, ਰਜਾਖਾਨੀ ਬਾਜ
ਪ੍ਰਸ਼ਨ 98	ਮਸੀਤਖਾਨੀ ਬਾਜ ਦੇ ਆਵਿਸ਼ਕਾਰਕ ਦਾ ਨਾਂ ਦੱਸੋ?
ਉੱਤਰ	ਮਸੀਤ ਖਾਂ
ਪ੍ਰਸ਼ਨ 99	ਮਸੀਤਖਾਨੀ ਬਾਜ ਦੀ ਲੈਅ ਦੱਸੋ?
ਉੱਤਰ	ਵਿਲਬਿੰਤ ਲੈਅ
ਪ੍ਰਸ਼ਨ 100	ਮਸੀਤਖਾਨੀ ਬਾਜ ਦਾ ਉਠਾਨ ਕਿਹੜੀ ਮਾਤਰਾ ਤੋਂ ਹੁੰਦਾ ਹੈ?
ਉੱਤਰ	12ਵੀਂ ਮਾਤਰਾ ਤੋਂ
ਪ੍ਰਸ਼ਨ 101	ਮਸੀਤਖਾਨੀ ਬਾਜ ਦੇ ਬੋਲ ਦੱਸੋ?
ਉੱਤਰ	ਦਿਰ ਦਾ ਦਿਰ ਦਾ ਰਾ ਦਾ ਦਾ ਰਾ
ਪ੍ਰਸ਼ਨ 102	ਰਜ਼ਾਖਾਨੀ ਬਾਜ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?
ਉੱਤਰ	ਪੂਰਬੀ ਬਾਜ
ਪ੍ਰਸ਼ਨ 103	ਰਜ਼ਾਖਾਨੀ ਬਾਜ ਦੇ ਆਵਿਸ਼ਕਾਰਕ ਦਾ ਨਾਂ ਦੱਸੋ?
ਉੱਤਰ	ਗੁਲਾਮ ਰਜ਼ਾ ਖਾਂ
ਪ੍ਰਸ਼ਨ 104	ਪੰ. ਰਵੀ ਸ਼ੰਕਰ ਜੀ ਨੇ ਕਿਸ ਅੰਗ ਦੀ ਵਾਦਨ ਸ਼ੈਲੀ ਨੂੰ ਸਿਤਾਰ ਤੇ ਅਪਣਾਇਆ?
ਉੱਤਰ	ਬੀਨ ਅੰਗ
ਪ੍ਰਸ਼ਨ 105	ਉ: ਅਬਦੁੱਲ ਹਲੀਮ ਜ਼ਾਫਰ ਦੀ ਵਾਦਨ ਸ਼ੈਲੀ ਕਿਸ ਨਾਮ ਨਾਲ ਜਾਣੀ ਜਾਂਦੀ ਹੈ?
ਉੱਤਰ	ਜਾਫਰਖਾਨੀ ਬਾਜ
ਪ੍ਰਸ਼ਨ 106	ਏਕਲ ਵਾਦਨ ਦੇ ਦੋ ਸਾਜ਼ਾਂ ਦੇ ਨਾਂ ਦੱਸੋ?
ਉੱਤਰ	ਸਿਤਾਰ, ਸਰੋਦ
ਪ੍ਰਸ਼ਨ 107	ਸਰੋਦ ਦੀਆਂ ਮੁੱਖ ਤਾਰਾਂ ਦੀ ਸੰਖਿਆ ਦੱਸੋ?
ਉੱਤਰ	6
ਪ੍ਰਸ਼ਨ 108	ਸਰੋਦ ਨੂੰ ਕਿਸ ਚੀਜ਼ ਨਾਲ ਵਜਾਇਆ ਜਾਂਦਾ ਹੈ?
ਉੱਤਰ	ਜਵਾ
ਪ੍ਰਸ਼ਨ 109	ਸਾਰੰਗੀ ਵਿੱਚ ਕਿੰਨ੍ਹੇ ਤਾਰ ਹੁੰਦੇ ਹਨ?
ਉੱਤਰ	ਚਾਰ
ਪ੍ਰਸ਼ਨ 110	ਸਾਰੰਗੀ ਨੂੰ ਕਿਸ ਚੀਜ਼ ਨਾਲ ਵਜਾਇਆ ਜਾਂਦਾ ਹੈ?
ਉੱਤਰ	ਗਜ਼ ਨਾਲ
ਪ੍ਰਸ਼ਨ 111	ਸ਼ਹਿਨਾਈ ਵਿੱਚ ਕਿੰਨ੍ਹੇ ਛੇਕ ਹੁੰਦੇ ਹਨ?
ਉੱਤਰ	ਸੱਤ ਛੇਕ
ਪ੍ਰਸ਼ਨ 112	ਜਲਤਰੰਗ ਦੇ ਪਿਆਲਿਆਂ ਦੀ ਸੰਖਿਆ ਦੱਸੋ?
ਉੱਤਰ	26
ਪ੍ਰਸ਼ਨ 113	ਰੂਪਕ ਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ ?

ਉੱਤਰ 7 ਮਾਤਰਾਵਾਂ

ਪ੍ਰਖਨ 114 ਰੂਪਕ ਤਾਲ ਵਿੱਚ ਖਾਲੀ ਕਿਹੜੀ ਮਾਤਰਾ ਤੇ ਹੁੰਦੀ ਹੈ?

ਉੱਤਰ ਪਹਿਲੀ ਮਾਤਰਾ ਤੇ

ਪ੍ਰਸ਼ਨ 115 ਕਿਸ ਤਾਲ ਦੀ ਪਹਿਲੀ ਮਾਤਰਾ ਤੇ ਖਾਲੀ ਤੇ ਸਮ ਦੋਨੋਂ ਹੁੰਦੇ ਹਨ?

ਉੱਤਰ ਰੂਪਕ ਤਾਲ

ਪ੍ਰਸ਼ਨ 116 ਰੂਪਕ ਤਾਲ ਦੇ ਕਿੰਨ੍ਹੇ ਵਿਭਾਗ ਹੁੰਦੇ ਹਨ?

ਉੱਤਰ 3-2-2 ਮਾਤਰਾ ਦੇ ਤਿੰਨ ਵਿਭਾਗ

ਪ੍ਰਸ਼ਨ 117 ਇੱਕ ਤਾਲ ਵਿੱਚ ਕਿੰਨ੍ਹੀਆਂ ਮਾਤਰਾਵਾਂ ਹੁੰਦੀਆਂ ਹਨ?

ਉੱਤਰ 12 ਮਾਤਰਾਵਾਂ

ਪ੍ਰਸ਼ਨ 118 ਇੱਕ ਤਾਲ ਵਿੱਚ ਖਾਲੀ ਕਿਹੜੀ ਮਾਤਰਾ ਤੇ ਹੁੰਦੀ ਹੈ?

ਉੱਤਰ ਤੀਜੀ ਤੇ ਸੱਤਵੀਂ ਮਾਤਰਾ ਤੇ

ਪ੍ਰਸ਼ਨ 119 ਇੱਕ ਤਾਲ ਵਿੱਚ ਕਿੰਨ੍ਹੀਆਂ ਤਾਲੀਆਂ ਹੁੰਦੀਆਂ ਹਨ?

ਉੱਤਰ ਚਾਰ ਤਾਲੀਆਂ

ਪ੍ਰਸ਼ਨ 120 ਦਸ ਮਾਤਰਾਵਾਂ ਵਾਲੇ ਤਾਲ ਦਾ ਨਾਂ ਦੱਸੋ?

ਉੱਤਰ ਝੱਪ ਤਾਲ

ਪ੍ਰਸ਼ਨ 121 ਝੱਪ ਤਾਲ ਦੇ ਕਿੰਨ੍ਹੇ ਵਿਭਾਗ ਹੁੰਦੇ ਹਨ?

ਉੱਤਰ 2-3-2-3 ਮਾਤਰਾ ਦੇ ਚਾਰ ਵਿਭਾਗ

ਪ੍ਰਸ਼ਨ 122 ਸੂਲ ਤਾਲ ਵਿੱਚ ਕਿੰਨ੍ਹੀਆਂ ਮਾਤਰਾਵਾਂ ਹੁੰਦੀਆਂ ਹਨ?

ਉੱਤਰ 10 ਮਾਤਰਾਵਾਂ

ਪ੍ਰਸ਼ਨ 123 ਸੂਲ ਤਾਲ ਦੀਆਂ ਕਿਹੜੀਆਂ ਮਾਤਰਾਵਾਂ ਤੇ ਤਾਲੀਆਂ ਹੁੰਦੀਆਂ ਹਨ?

ਉੱਤਰ ਪਹਿਲੀ, ਪੰਜਵੀ, ਸੱਤਵੀਂ

ਪ੍ਰਸ਼ਨ 124 16 ਮਾਤਰਾਵਾਂ ਵਾਲੇ ਤਾਲ ਦਾ ਨਾਂ ਦੱਸੋ?

ਉੱਤਰ ਤਿਲਵਾੜਾ ਤਾਲ

ਪ੍ਰਸ਼ਨ 125 ਤਿਲਵਾੜਾ ਤਾਲ ਵਿੱਚ ਖਾਲੀ ਕਿਹੜੀ ਮਾਤਰਾ ਤੇ ਹੁੰਦੀ ਹੈ?

ਉੱਤਰ ਨੋਵੀਂ ਮਾਤਰਾ

ਪ੍ਰਸ਼ਨ 126 ਧਮਾਰ ਤਾਲ ਕਿਸ ਤੇ ਵੱਜਦੀ ਹੈ?

ਉੱਤਰ ਪਖਾਵਜ ਤੇ।

ਪ੍ਰਸ਼ਨ 127 ਧਮਾਰ ਤਾਲ ਦੇ ਵਿਭਾਗ ਕਿੰਨ੍ਹੀਆਂ-2 ਮਾਤਰਾਵਾਂ ਦੇ ਹੁੰਦੇ ਹਨ?

ਉੱਤਰ 5-2-3-4

ਪ੍ਰਸ਼ਨ 128 ਰਾਗ ਭੈਰਵ ਦਾ ਥਾਟ ਦੱਸੋ?

ਉੱਤਰ ਭੈਰਵ

ਪ੍ਰਸ਼ਨ 129 ਰਾਗ ਭੈਰਵ ਦੇ ਵਾਦੀ-ਸੰਵਾਦੀ ਸੁਰ ਲਿਖੋ?

ਉੱਤਰ ਵਾਦੀ-ਧ੍ਰ, ਸੰਵਾਦੀ-ਰੇ

ਪ੍ਰਸ਼ਨ 130 ਰਾਗ ਭੈਰਵ ਦੀ ਜਾਤੀ ਦੱਸੋ?

ਉੱਤਰ ਸੰਪੂਰਨ-ਸੰਪੂਰਨ

ਪ੍ਰਸ਼ਨ 131 ਰਾਗ ਭੈਰਵ ਦਾ ਸਮਾਂ ਦੱਸੋ।

ਉੱਤਰ ਪ੍ਰਾਤ ਕਾਲ

ਪ੍ਰਸ਼ਨ 132 ਰਾਗ ਮਾਲਕੌਂਸ ਦਾ ਥਾਟ ਦੱਸੋ?

ਉੱਤਰ ਭੈਰਵੀ

ਪ੍ਰਸ਼ਨ 133 ਰਾਗ ਮਾਲਕੌਂਸ ਦੀ ਜਾਤੀ ਦੱਸੋ?

ਉੱਤਰ ਔੜਵ-ਔੜਵ

ਪ੍ਰਸ਼ਨ 134 ਰਾਗ ਮਾਲਕੌਂਸ ਦਾ ਸਮਾਂ ਦੱਸੋ?

ਉੱਤਰ ਰਾਤ ਦਾ ਤੀਜਾ ਪਹਿਰ

ਪ੍ਰਸ਼ਨ 135 ਰਾਗ ਮਾਲਕੌਂਸ ਦਾ ਸਮਪ੍ਰਕ੍ਰਿਤਿਕ ਰਾਗ ਦੱਸੋ?

ਉੱਤਰ ਚੰਦ੍ਰਕੌਂਸ

ਪ੍ਰਸ਼ਨ 136 ਰਾਗ ਭੀਮਪਲਾਸੀ ਦਾ ਥਾਟ ਦੱਸੋ ?

ਉੱਤਰ ਕਾਫੀ

ਪ੍ਰਸ਼ਨ 137 ਰਾਗ ਭੀਮਪਲਾਸੀ ਦੇ ਵਾਦੀ-ਸੰਵਾਦੀ ਸੁਰ ਦੱਸੋ?

ਉੱਤਰ ਵਾਦੀ-ਮ, ਸੰਵਾਦੀ-ਸ

ਪ੍ਰਸ਼ਨ 138 ਰਾਗ ਭੀਮਪਲਾਸੀ ਦਾ ਸਮਾਂ ਦੱਸੋ?

ਉੱਤਰ ਦਿਨ ਦਾ ਤੀਸਰਾ ਪਹਿਰ

ਪ੍ਰਸ਼ਨ 139 ਰਾਗ ਖਮਾਜ ਦਾ ਥਾਟ ਦੱਸੋ?

ਉੱਤਰ ਖਮਾਜ

ਪ੍ਰਸ਼ਨ 140 ਰਾਗ ਖਮਾਜ ਦੀ ਜਾਤੀ ਦੱਸੋ?

ਉੱਤਰ ਸਾੜਵ-ਸੰਪੂਰਨ

ਖਾਲੀ ਥਾਵਾਂ ਭਰੋ:-

ਪ੍ਰਸ਼ਨ 141 ਭਾਰਤੀ ਸੰਗੀਤ ਦੇ ਆਧੁਨਿਕ ਕਾਲ ਦਾ ਆਰੰਭ 1800 ਈ: ਤੋਂ ਮੰਨਿਆਂ ਜਾਂਦਾ ਹੈ।

ਪ੍ਰਸ਼ਨ 142 ਮੁਹੰਮਦ ਰਜ਼ਾ ਨੇ 'ਨਗਮਾਤੇ ਆਸਫੀ' ਗ੍ਰੰਥ ਦੀ ਰਚਨਾ ਕੀਤੀ।

ਪ੍ਰਸ਼ਨ 143 ਪੰ. ਵਿਸ਼ਨੂੰ ਦਿਗੰਬਰ ਪੁਲਸਕਰ ਜੀ ਨੇ ਸੰਗੀਤ ਵਿੱਚ ਭਗਤੀ ਰਸ ਨੂੰ ਭਰਿਆ।

ਪ੍ਰਸ਼ਨ 144 ਪੰ. ਭਾਤਖੰਡੇ ਜੀ ਨੇ ਭਾਤਖੰਡੇ ਸੁਰ ਲਿਪੀ ਪੱਧਤੀ ਦਾ ਪ੍ਰਚਲਨ ਕੀਤਾ।

ਪ੍ਰਸ਼ਨ 145 ਰਾਸ਼ਟਰਪਤੀ ਪੁਰਸਕਾਰ ਦੇਣ ਦੀ ਸ਼ੁਰੂਆਤ ਸੰਨ 1952 ਵਿੱਚ ਕੀਤੀ ਗਈ।

ਪ੍ਰਸ਼ਨ 146 ਜਲੰਧਰ ਵਿਖੇ ਹਰੀਵੱਲਭ ਸੰਗੀਤ ਸੰਮੇਲਨ ਕਰਵਾਇਆ ਜਾਂਦਾ ਹੈ।

ਪ੍ਰਸ਼ਨ 147 ਸਿਤਾਰ ਦਾ ਆਵਿਸ਼ਕਾਰ ਖੁਸਰੋਂ ਖਾਂ ਨੇ ਕੀਤਾ।

ਪ੍ਰਸ਼ਨ 148 ਸਿਤਾਰ ਦਾ ਆਵਿਸ਼ਕਾਰ 13ਵੀਂ-14ਵੀਂ ਸ਼ਤਾਬਦੀ ਵਿੱਚ ਹੋਇਆ।

ਪ੍ਰਸ਼ਨ 149 ਸ਼ੁਰੂ ਵਿੱਚ ਸਿਤਾਰ ਦੇ ਤਾਰਾਂ ਦੀ ਸੰਖਿਆਂ ਤਿੰਨ ਸੀ।

ਪ੍ਰਸ਼ਨ 150 ਤੂੰਬੇ ਦੇ ਢੱਕਣ ਨੂੰ ਤਬਲੀ ਕਹਿੰਦੇ ਹਨ।

ਪ੍ਰਸ਼ਨ 151 ਤੂੰਬੇ ਤੇ ਡਾਂਡ ਦੇ ਜੋੜ ਸਥਾਨ ਨੂੰ ਗੁੱਲੂ ਕਹਿੰਦੇ ਹਨ।

ਪ੍ਰਸ਼ਨ 152 ਸਿਤਾਰ ਵਿੱਚ ਪਰਦਿਆਂ ਦੀ ਸੰਖਿਆ 16 ਤੋਂ 24 ਤੱਕ ਹੁੰਦੀ ਹੈ।

ਪ੍ਰਸ਼ 153 ਸਿਤਾਰ ਦੇ ਪਹਿਲੇ ਤਾਰ ਨੂੰ ਬਾਜ ਦਾ ਤਾਰ ਕਹਿੰਦੇ ਹਨ।

ਪ੍ਰਸ਼ਨ 154 ਜੋੜੇ ਦੇ ਤਾਰ ਮੰਦਰ ਸਪਤਕ ਦੇ ਸ਼ੁਰਜ ਤੇ ਮਿਲਾਏ ਜਾਂਦੇ ਹਨ।

ਪ੍ਰਸ਼ਨ 155 ਸਿਤਾਰ ਨੂੰ ਮਿਜ਼ਰਾਬ ਨਾਲ ਵਜਾਇਆ ਜਾਂਦਾ ਹੈ।

ਪ੍ਰਸ਼ਨ 156 ਲਰਜ਼ ਦੇ ਤਾਰ ਨੂੰ ਅਤਿ ਮੰਦਰ ਸਪਤਕ ਦੇ ਪੰਚਮ ਨਾਲ ਮਿਲਾਇਆ ਜਾਂਦਾ ਹੈ।

ਪ੍ਰਸ਼ਨ 157 ਤਬਲੇ ਉੱਪਰ ਜੋ ਗੋਲ ਆਕਾਰ ਦੀ ਖੱਲ ਮੜ੍ਹੀ ਹੁੰਦੀ ਹੈ, ਉਸਨੂੰ ਪੁੜੀ ਕਹਿੰਦੇ ਹਨ।

ਪ੍ਰਸ਼ਨ 158 ਪੁੜੀ ਉੱਪਰ ਲੱਗੇ ਕਾਲੇ ਰੰਗ ਦੇ ਮਸਾਲੇ ਨੂੰ ਸਿਆਹੀ ਕਹਿੰਦੇ ਹਨ।

ਪ੍ਰਸ਼ਨ 159 ਸੱਜੇ ਤਬਲੇ ਵਿੱਚ ਲੱਕੜੀ ਦੇ ਬਣੇ ਅੱਠ ਗੱਟੇ ਲੱਗੇ ਹੁੰਦੇ ਹਨ।

ਪ੍ਰਸ਼ਨ 160 ਸਪਤਕ ਦੇ ਪਹਿਲੇ ਭਾਗ ਨੂੰ ਪੂਰਵਾਂਗ ਕਹਿੰਦੇ ਹਨ।

ਪ੍ਰਸ਼ਨ 161 ਸਪਤਕ ਦੇ ਦੂਸਰੇ ਭਾਗ ਨੂੰ ਉਤਰਾਂਗ ਕਹਿੰਦੇ ਹਨ।

ਪ੍ਰਸ਼ਨ 162 ਰਾਗ ਦਾ ਸਮਾਂ ਨਿਸ਼ਚਿਤ ਕਰਨ ਵਿੱਚ ਵਾਦੀ ਸਵਰ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਪ੍ਰਸ਼ਨ 163 ਰੇ ਅਤੇ ਧ ਕੋਮਲ ਸਵਰਾਂ ਵਾਲੇਰਾਗ ਸਵੇਰੇ ਅਤੇ ਸ਼ਾਮ ਨੂੰ 4 ਵਜੇ ਤੋਂ 7 ਵਜੇ ਤੱਕ ਗਾਏ-ਵਜਾਏ ਜਾਂਦੇ ਹਨ।

ਪ੍ਰਸ਼ਨ 164 ਰੇ, ਧ ਸ਼ੁੱਧ ਸਵਰਾਂ ਵਾਲੇ ਰਾਗਾਂ ਦੀ ਸ਼੍ਰੇਣੀ ਵਿੱਚ ਬਿਲਾਵਲ, ਕਲਿਆਣ ਅਤੇ ਖਮਾਜ ਥਾਟਾਂ ਦੇ ਰਾਗ ਆਉਂਦੇ ਹਨ।

ਪ੍ਰਸ਼ਨ 165 ਗਾਉਣ ਵਜਾਉਣ ਦੀ ਕ੍ਰਿਆ ਨੂੰ ਵਰਣ ਕਹਿੰਦੇ ਹਨ।

ਪ੍ਰਸ਼ਨ 166 ਜਦੋਂ ਸਵਰਾਂ ਨੂੰ ਚੜ੍ਹਦੇ ਕ੍ਰਮ ਵਿੱਚ ਗਾਇਆ-ਵਜਾਇਆ ਜਾਵੇ ਤਾਂ ਇਸਨੂੰ ਆਰੋਹੀ ਵਰਣ ਕਹਿੰਦੇ ਹਨ।

ਪ੍ਰਸ਼ਨ 167 ਮੂਲ ਸਵਰ ਦੇ ਅਗਲੇ ਜਾਂ ਪਿਛਲੇ ਸਵਰ ਨੂੰ ਸਪਰਸ਼ ਕਰਕੇ ਲੈਣ ਨੂੰ ਕਣ ਕਹਿੰਦੇ ਹਨ।

ਪ੍ਰਸ਼ਨ 168 ਮੀਂਡ ਦੋ ਪ੍ਰਕਾਰ ਦੀ ਹੁੰਦੀ ਹੈ।

ਪ੍ਰਸ਼ਨ 169 ਉਲਟਾ ਅਰਧ ਚੰਦਰ ਮੀਂਡ ਦਾ ਚਿੰਨ੍ਹ ਹੈ।

ਪ੍ਰਸ਼ਨ 170 ਅਨੁਲੋਮ ਮੀਂਡ ਆਰੋਹੀ ਕ੍ਰਮ ਵਿੱਚ ਹੁੰਦੀ ਹੈ।

ਪ੍ਰਸ਼ਨ 171 ਮਿਜ਼ਰਾਬ ਤਰਜਨੀ ਉਂਗਲੀ ਵਿੱਚ ਪਾਈ ਜਾਂਦੀ ਹੈ।

ਪ੍ਰਸ਼ਨ 172 ਝਾਲੇ ਦਾ ਵਾਦਨ ਬਾਜ ਅਤੇ ਚਿਕਾਰੀ ਦੇ ਤਾਰ ਤੇ ਕੀਤਾ ਜਾਂਦਾ ਹੈ।

ਪ੍ਰਸ਼ਨ 173 ਸਿਤਾਰ ਦੇ ਸੱਤਵੇਂ ਤਾਰ ਨੂੰ ਚਿਕਾਰੀ ਕਹਿੰਦੇ ਹਨ।

ਪ੍ਰਸ਼ਨ 174 ਜਿੰਨ੍ਹਾਂ ਰਾਗਾਂ ਤੇ ਦੂਸਰੇ ਰਾਗਾਂ ਦੀ ਛਾਇਆ ਪੈਂਦੀ ਹੈ, ਉਨ੍ਹਾਂ ਨੂੰ ਛਾਇਆਲਗ ਰਾਗ ਕਹਿੰਦੇ ਹਨ।

ਪ੍ਰਸ਼ਨ 175 ਸੰਕੀਰਣ ਰਾਗਾਂ ਵਿੱਚ ਦੋ ਜਾਂ ਦੋ ਤੋਂ ਵੱਧ ਰਾਗਾਂ ਦਾ ਮਿਸ਼ਰਣ ਹੁੰਦਾ ਹੈ।

ਪ੍ਰਸ਼ਨ 176 ਇੱਕ ਚੰਗੇ ਵਾਦਕ ਨੂੰ ਹਰ ਰੋਜ਼ ਅਭਿਆਸ ਕਰਨਾ ਚਾਹੀਦਾ ਹੈ।

ਪ੍ਰਸ਼ਨ 177 ਸਿਤਾਰ ਵਜਾਉਣ ਤੋਂ ਪਹਿਲਾਂ ਸੁਰ ਕਰ ਲੈਣਾ ਚਾਹੀਦਾ ਹੈ।

ਪ੍ਰਸ਼ਨ 178 ਥਾਟ ਤੋਂ ਰਾਗ ਦੀ ਉਤਪੱਤੀ ਹੁੰਦੀ ਹੈ।

ਪ੍ਰਸ਼ਨ 179 ਥਾਟ ਨੂੰ ਮੇਲ ਵੀ ਕਹਿੰਦੇ ਹਨ।

ਪ੍ਰਸ਼ਨ 180 ਥਾਟ ਬਿਲਾਵਲ ਸ਼ੁੱਧ ਸਵਰਾਂ ਵਾਲਾ ਥਾਟ ਹੈ।

ਪ੍ਰਸ਼ਨ 181 ਖਮਾਜ ਥਾਟ ਵਿੱਚ ਨੀ ਕੋਮਲ ਅਤੇ ਬਾਕੀ ਸਵਰ ਸ਼ੁੱਧ ਲੱਗਦੇ ਹਨ।

ਪ੍ਰਸ਼ਨ 182 ਮਾਰਵਾ ਥਾਟ ਵਿੱਚ ਰੇ ਕੋਮਲ, ਮੇ ਤੀਵਰ ਅਤੇ ਬਾਕੀ ਸਵਰ ਸ਼ੁੱਧ ਲੱਗਦੇ ਹਨ।

ਪ੍ਰਸ਼ਨ 183 ਭੈਰਵੀ ਥਾਟ ਵਿੱਚ ਰੇ,ਗ,ਧ, ਨੀ ਕੋਮਲ ਅਤੇ ਬਾਕੀ ਸਵਰ ਸ਼ੁੱਧ ਲੱਗਦੇ ਹਨ।

ਪ੍ਰਸ਼ਨ 184 ਥਾਟ ਵਿੱਚ ਸੁਰਾਂ ਦਾ ਕ੍ਰਮ ਅਨੁਸਾਰ ਹੋਣਾ ਜ਼ਰੂਰੀ ਹੈ।

ਪ੍ਰਸ਼ਨ 185 ਇੱਕ ਰਾਗ ਵਿਚ ਘੱਟ ਤੋਂ ਘੱਟ 5 ਸਵਰ ਲੱਗਦੇ ਹਨ।

ਪ੍ਰਸ਼ਨ 186 ਇੱਕ ਰਾਗ ਵਿੱਚ ਵੱਧ ਤੋਂ ਵੱਧ 7 ਸਵਰ ਲੱਗਦੇ ਹਨ।

ਪ੍ਰਸ਼ਨ 187 ਸੰਗੀਤ ਦੀ ਜਾਨ ਤਾਲ ਹੈ।

ਪ੍ਰਸ਼ਨ 188 ਸੰਗੀਤ ਕਲਾ ਸੱਭ ਤੋਂ ਸਰਵ ਸ਼੍ਰੇਸ਼ਠ ਲਲਿਤ ਕਲਾ ਹੈ।

ਪ੍ਰਸ਼ਨ 189 ਸੰਗੀਤ ਦਾ ਆਧਾਰ ਸੱਤ ਸਵਰ ਹਨ।

ਪ੍ਰਸ਼ਨ 190 ਕਾਵਿ ਕਲਾ ਦਾ ਆਧਾਰ ਭਾਸ਼ਾ ਹੈ।

ਪ੍ਰਸ਼ਨ 191 ਉ. ਆਲਾਉਦੀਨ ਖਾਂ ਦਾ ਜਨਮ ਸੰਨ 1881 ਈ. ਵਿੱਚ ਹੋਇਆ।

ਪ੍ਰਸ਼ਨ 192 ਉ. ਅਲਾਉਦੀਨ ਖਾਂ ਨੇ ਮੈਹਰ ਰਿਆਸਤ ਵਿੱਚ ਦਰਬਾਰੀ ਸੰਗੀਤਕਾਰ ਦੇ ਤੌਰ ਤੇ ਨੌਕਰੀ ਕੀਤੀ।

ਪ੍ਰਸ਼ਨ 193 ਉ. ਅਲਾਉਦੀਨ ਖਾਂ ਨੂੰ ਸ਼ਾਂਤੀ ਨਿਕੇਤਨ ਵੱਲੋਂ 'ਦੇਸ਼ੀ ਕੋਤਮ' ਉਪਾਧੀ ਦਿੱਤੀ ਗਈ।

ਪ੍ਰਸ਼ਨ 194 ਉ. ਅਲਾਉਦੀਨ ਖਾਂ ਦੀ ਪੁੱਤਰੀ ਦਾ ਨਾਂ ਅੰਨਪੂਰਨਾ ਦੇਵੀ ਹੈ।

ਪ੍ਰਸ਼ਨ 195 ਉ. ਅਲਾਉਦੀਨ ਖਾਂ ਦਾ ਦੇਹਾਂਤ 6 ਸਤੰਬਰ 1972 ਨੂੰ ਹੋਇਆ।

ਪ੍ਰਸ਼ਨ 196 ਨਿਖਿਲ ਬੈਨਰਜੀ ਸਿਤਾਰ ਸਾਜ਼ ਵਜਾਉਂਦੇ ਸਨ।

ਪ੍ਰਸ਼ਨ 197 ਨਿਖਿਲ ਬੈਨਰਜੀ ਦਾ ਜਨਮ ਕਲਕੱਤਾ ਵਿਖੇ ਹੋਇਆ।

ਪ੍ਰਸ਼ਨ 198 ਨਿਖਿਲ ਬੈਨਰਜੀ ਦਾ ਜਨਮ 14 ਅਕਤੂਬਰ 1931 ਨੂੰ ਹੋਇਆ।

ਪ੍ਰਸ਼ਨ 199 ਹਰਵਿੰਦਰ ਕੁਮਾਰ ਸ਼ਰਮਾ ਦਾ ਜਨਮ ਕਪੂਰਥਲਾ ਵਿਖੇ ਹੋਇਆ।

ਪ੍ਰਸ਼ਨ 200 ਪੰ. ਹਰਵਿੰਦਰ ਸ਼ਰਮਾ ਦੇ ਪਿਤਾ ਦਾ ਨਾਮ ਮੇਘਰਾਜ ਸ਼ਰਮਾ ਹੈ।

ਪ੍ਰਸ਼ਨ 201 ਪੰ. ਹਰਵਿੰਦਰ ਸ਼ਰਮਾ ਨੇ ਪ੍ਰਾਚੀਨ ਕਲਾ ਕੇਂਦਰ, ਚੰਡੀਗੜ੍ਹ ਤੋਂ ਸੰਗੀਤ ਭਾਸਕਰ ਦੀ ਸਿੱਖਿਆ ਲਈ।

ਪ੍ਰਸ਼ਨ 202 ਉ. ਵਿਲਾਇਤ ਖਾਂ ਨੂੰ ਸਿਤਾਰ ਸਮਰਾਟ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਪ੍ਰਸ਼ਨ 203 ਉ. ਵਿਲਾਇਤ ਖਾਂ ਨੇ ਸਿਤਾਰ ਵਾਦਨ ਨੂੰ ਗਾਇਕੀ ਅੰਗ ਦੀ ਦੇਣ ਦਿੱਤੀ।

ਪ੍ਰਸ਼ਨ 204 ਉ. ਵਿਲਾਇਤ ਖਾਂ ਦੇ ਪੁੱਤਰ ਦਾ ਨਾਂ ਸੁਜਾਤ ਖਾਂ ਹੈ।

ਪ੍ਰਸ਼ਨ 205 ਮਸੀਤਖਾਨੀ ਬਾਜ ਨੂੰ ਪੱਛਮ ਦਾ ਬਾਜ ਵੀ ਕਿਹਾ ਜਾਂਦਾ ਹੈ।

ਪ੍ਰਸ਼ਨ 206 ਮਸੀਤਖਾਨੀ ਬਾਜ ਦੀ ਲੈਅ ਵਿਲੰਬਿਤ ਹੁੰਦੀਹੈ।

ਪ੍ਰਸ਼ਨ 207 ਮਸੀਤਖਾਨੀ ਬਾਜ ਦਾ ਉਠਾਨ 12ਵੀਂ ਮਾਤਰਾ ਤੋਂ ਹੁੰਦਾ ਹੈ।

ਪ੍ਰਸ਼ਨ 208 ਰਜ਼ਾਖਾਨੀ ਬਾਜ ਦੀ ਲੈਅ ਦਰੁੱਤ ਹੁੰਦੀ ਹੈ।

ਪ੍ਰਸ਼ਨ 209 ਰਜ਼ਾਖਾਨੀ ਬਾਜ ਦਾ ਆਵਿਸ਼ਕਾਰ ਗੁਲਾਮ ਰਜ਼ਾ ਨੇ ਕੀਤਾ।

ਪ੍ਰਸ਼ਨ 210 ਪੰ. ਰਵੀ ਸ਼ੰਕਰ ਸਿਤਾਰ ਤੇ ਬੀਨ ਅੰਗ ਦਾ ਅਨੁਕਰਨ ਕਰਦੇ ਸਨ।

ਪ੍ਰਸ਼ਨ 211 ਉ. ਅਮਜਦ ਅਲੀ ਖਾਂ ਸਰੋਦ ਸਾਜ਼ ਵਜਾਉਂਦੇ ਹਨ।

ਪ੍ਰਸ਼ਨ 212 ਸਾਰੰਗੀ ਦੀ ਲੰਬਾਈ ਲੱਗਭੱਗ 2 ਫੁੱਟ ਹੁੰਦੀ ਹੈ।

ਪ੍ਰਸ਼ਨ 213 ਦਿਲਰੁਬਾ, ਸਿਤਾਰ ਤੇ ਸਾਰੰਗੀ ਦਾ ਮਿਲਿਆ ਜੁਲਿਆ ਰੂਪ ਹੈ।

ਪ੍ਰਸ਼ਨ 214 ਦਿਲਰੁਬਾ ਦੀ ਤਬਲੀ ਉੱਪਰ ਖੱਲ ਮੜ੍ਹੀ ਹੁੰਦੀ ਹੈ।

ਪ੍ਰਸ਼ਨ 215 ਸ਼ਹਿਨਾਈ ਵਾਦਨ ਸਮੇਂ ਤਾਲ ਦੀ ਸੰਗਤ ਲਈ ਪੁਰਦਕ ਨਾਮਕ ਸਾਜ਼ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਪ੍ਰਸ਼ਨ 216 ਜਲਤਰੰਗ ਘਣ ਵਾਦਯਾਂ ਦੀ ਸ਼੍ਰੇਣੀ ਦਾ ਸਾਜ਼ ਹੈ।

ਪ੍ਰਸ਼ਨ 217 ਢੋਲ ਇੱਕ ਪ੍ਰਸਿੱਧ ਅਵਨੱਧ ਸਾਜ਼ ਹੈ।

ਪ੍ਰਸ਼ਨ 218 ਰੂਪਕ ਤਾਲ ਦੀ ਪਹਿਲੀ ਮਾਤਰਾ ਤੇ ਸਮ ਤੇ ਖਾਲੀ ਦੋਨੋਂ ਹੁੰਦੇ ਹਨ।

ਪ੍ਰਸ਼ਨ 219 ਰੂਪਕ ਤਾਲ 3-2-2 ਮਾਤਰਾ ਦੇ ਤਿੰਨ੍ਹ ਵਿਭਾਗ ਹੁੰਦੇ ਹਨ।

ਪ੍ਰਸ਼ਨ 220 ਇੱਕ ਤਾਲ ਵਿੱਚ 2-2 ਮਾਤਰਾ ਦੇ ਛੇ ਵਿਭਾਗ ਹੁੰਦੇ ਹਨ।

ਪ੍ਰਸ਼ਨ 221 ਇੱਕ ਤਾਲ ਦੀ ਨੌਵੀ ਮਾਤਰਾ ਤੇ ਧਾਗੇ ਬੋਲ ਹੁੰਦਾ ਹੈ।

ਪ੍ਰਸ਼ਨ 222 ਝੱਪ ਤਾਲ ਦੀਆਂ 10 ਮਾਤਰਾਵਾਂ ਹੁੰਦੀਆਂ ਹਨ।

ਪ੍ਰਸ਼ਨ 223 ਝੱਪ ਤਾਲ ਛੇਵੀਂ ਮਾਤਰਾ ਤੇ ਤਿੰ ਬੋਲ ਹੁੰਦਾ ਹੈ।

ਪ੍ਰਸ਼ਨ 224	ਸੂਲ ਤਾਲ ਦੀ ਤੀਜੀ ਤੇ ਨੌਵੀਂ ਮਾਤਰਾ ਖਾਲੀ ਹੁੰਦੀ ਹੈ।	
ਪ੍ਰਸ਼ਨ 225	ਸੂਲ ਤਾਲ ਦੀ ਪੰਜਵੀਂ ਮਾਤਰਾ ਤੇ ਕਿਟ ਬੋਲ ਆਉਂਦਾ ਹੈ।	
ਪ੍ਰਸ਼ਨ 226	ਤਿਲਵਾੜਾ ਤਾਲ ਦੀਆਂ 16 ਮਾਤਰਾਵਾਂ ਹੁੰਦੀਆਂ ਹਨ।	
ਪ੍ਰਸ਼ਨ 227	ਤਿਲਵਾੜਾ ਤਾਲ ਵਿੱਚ ਤਿੰਨ ਤਾਲੀਆਂ ਹੁੰਦੀਆਂ ਹਨ।	
ਪ੍ਰਸ਼ਨ 228	ਧਮਾਰ ਤਾਲ ਦੀਆਂ 14 ਮਾਤਰਾਵਾਂ ਹੁੰਦੀਆਂ ਹਨ।	
ਪ੍ਰਸ਼ਨ 229	ਧਮਾਰ ਤਾਲ ਦੇ 5-2-3-4 ਮਾਤਰਾਵਾਂ ਦੇ 4 ਵਿਭਾਗ ਹੁੰਦੇ ਹਨ।	
ਪ੍ਰਸ਼ਨ 230	ਰਾਗ ਭੈਰਵ ਸੰਪੂਰਨ-ਸੰਪੂਰਨ ਜਾਤੀ ਦਾ ਰਾਗ ਹੈ।	
ਪ੍ਰਸ਼ਨ 231	ਰਾਗ ਭੈਰਵ ਦੇ ਵਾਦੀ-ਸੰਵਾਦੀ ਸਵਰ ਧ- ਰੇ ਕੋਮਲ ਲੱਗਦੇ ਹਨ।	
ਪ੍ਰਸ਼ਨ 232	ਰਾਗ ਮਾਲਕੌਂਸ ਦਾ ਥਾਟ ਭੈਰਵੀ ਹੈ।	
ਪ੍ਰਸ਼ਨ 233	ਰਾਗ ਮਾਲਕੌਂਸ ਦਾ ਸਮਪ੍ਰਕ੍ਰਿਤਕ ਰਾਗ ਚੰਦ੍ਰਕੌਂਸ ਹੈ।	
ਪ੍ਰਸ਼ਨ 234	ਰਾਗ ਮਾਲਕੌਂਸ ਵਿੱਚ ਗ, ਧ, ਨੀ ਸਵਰ ਕੋਮਲ ਲੱਗਦੇ ਹਨ।	
ਪ੍ਰਸ਼ਨ 235	ਭੀਮਪਲਾਸੀ ਰਾਗ ਦਾ ਥਾਟ ਕਾਫ਼ੀ ਹੈ।	
ਪ੍ਰਸ਼ਨ 236	ਭੀਮਪਲਾਸੀ ਰਾਗ ਦੀ ਜਾਤੀ ਔੜਵ-ਸੰਪੂਰਣ ਹੈ।	
ਪ੍ਰਸ਼ਨ 237	ਭੀਮਪਲਾਸੀ ਰਾਗ ਦਾ ਸਮਾਂ ਦਿਨ ਦਾ ਤੀਸਰਾ ਪਹਿਰ ਹੈ।	
ਪ੍ਰਸ਼ਨ 238	ਰਾਗ ਖਮਾਜ ਦਾ ਥਾਟ ਖਮਾਜ ਹੈ।	
ਪ੍ਰਸ਼ਨ 239	ਰਾਗ ਖਮਾਜ ਦੇ ਵਾਦੀ-ਸੰਵਾਦੀ ਗ-ਨੀ ਹਨ।	
ਪ੍ਰਸ਼ਨ 240	ਰਾਗ ਖਮਾਜ ਵਿੱਚ ਦੋਨੋਂ ਨੀ ਦਾ ਪ੍ਰਯੋਗ ਹੁੰਦਾ ਹੈ।	
ਠੀਕ/ਗਲਤ		
ਪ੍ਰਸ਼ਨ 241	ਘਰਾਣਾ ਪ੍ਰਥਾ ਦਾ ਜਨਮ ਆਧੁਨਿਕ ਕਾਲ ਵਿੱਚ ਹੋਇਆ।	✔
ਪ੍ਰਸ਼ਨ 242	ਪੰ. ਵਿਸ਼ਨੂੰ ਦਿਗੰਬਰ ਪੁਲਸਕਰ ਅਤੇ ਪੰ. ਵਿਸ਼ਨੂੰ ਨਰਾਇਣ ਭਾਤਖੰਡੇ ਨੇ ਪ੍ਰਾਚੀਨ ਕਾਲ ਵਿੱਚ ਸੰਗੀਤ ਦੇ ਪ੍ਰਚਾਰ ਵਿੱਚ ਵਿਸ਼ੇਸ ਭੂਮਿਕਾ ਨਿਭਾਈ।	×
ਪ੍ਰਸ਼ਨ 243	ਗੰਧਰਵ ਮਹਾਂ ਵਿਦਿਆਲਯ ਦੀ ਸਥਾਪਨਾ ਪੰ. ਭਾਤਖੰਡੇ ਜੀ ਨੇ ਕੀਤੀ।	×
ਪ੍ਰਸ਼ਨ 244	ਹਰੀ ਪ੍ਰਸ਼ਾਦ ਚੌਰੱਸੀਆ ਆਧੁਨਿਕ ਸਮੇਂ ਦੇ ਪ੍ਰਸਿੱਧ ਬੰਸਰੀ ਵਾਦਕ ਹਨ।	✔
ਪ੍ਰਸ਼ਨ 245	ਸਿਤਾਰ ਦਾ ਆਵਿਸ਼ਕਾਰ ਅਮੀਰ ਖੁਸਰੋ ਨੇ ਕੀਤਾ।	×
ਪ੍ਰਸ਼ਨ 246	ਖੂੰਟੀਆਂ ਦੀ ਸਹਾਇਤਾਂ ਨਾਲ ਸਿਤਾਰ ਨੂੰ ਕੱਸ ਕੇ ਰਖਿਆ ਜਾਂਦਾ ਹੈ।	×
ਪ੍ਰਸ਼ਨ 247	ਸਿਤਾਰ ਦੀਆਂ ਤਾਰਾਂ ਵਿੱਚ ਪਰੋਏ ਗਏ ਮੋਤੀ ਨੂੰ ਮਣਕਾ ਕਹਿੰਦੇ ਹਨ।	✔
ਪ੍ਰਸ਼ਨ 248	ਸਿਤਾਰ ਦਾ ਪੰਜਵਾ ਤਾਰ ਚਿਕਾਰੀ ਦਾ ਤਾਰ ਹੁੰਦਾ ਹੈ।	×
ਪ੍ਰਸ਼ਨ 249	ਮਿਜ਼ਰਾਬ ਨੂੰ ਖੱਬੇ ਹੱਥ ਦੀ ਤਰਜਨੀ ਉਂਗਲ ਵਿੱਚ ਪਹਿਨਾਇਆ ਜਾਂਦਾ ਹੈ।	×
ਪ੍ਰਸ਼ਨ 250	ਤਬਲੇ ਨੂੰ ਜੋੜੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।	✔
ਪ੍ਰਸ਼ਨ 251	ਤਬਲੇ ਦੇ ਗਜਰੇ ਵਿੱਚ 16 ਘਰ ਹੁੰਦੇ ਹਨ।	✔
ਪ੍ਰਸ਼ਨ 252	ਸੱਜੇ ਤਬਲੇ ਦੀ ਉਚਾਈ ਲੱਗਭੱਗ 10 ਇੰਚ ਹੁੰਦੀ ਹੈ।	✔
ਪ੍ਰਸ਼ਨ 253	ਤਬਲੇ ਵਿੱਚ 12 ਗੱਟੇ ਲੱਗੇ ਹੁੰਦੇ ਹਨ।	×
ਪ੍ਰਸ਼ਨ 254	ਸਮੇਂ ਸਿਰ ਰਾਗ ਗਾਉਣ ਤੇ ਵਧੇਰੇ ਰੰਜਕ ਲੱਗਦੇ ਹਨ।	✔
ਪ੍ਰਸ਼ਨ 255	ਪੂਰਵਾਂਗਵਾਦੀ ਰਾਗਾਂ ਦਾ ਸਮਾਂ ਰਾਤ ਦੇ 12 ਵਜੇ ਤੋਂ ਦਿਨ ਦੇ 12 ਵਜੇ ਤੱਕ ਹੁੰਦਾ ਹੈ।	✔
ਪ੍ਰਸ਼ਨ 256	ਕਲਿਆਣ ਰਾਗ ਪੂਰਵਾਂਗਵਾਦੀ ਰਾਗ ਹੈ।	✔

ਪ੍ਰਸ਼ਨ 257	ਪੰ. ਭਾਤਖੰਡੇ ਜੀ ਨੇ ਰਾਗਾਂ ਦਾ ਸਮਾਂ ਨਿਸ਼ਚਿਤ ਕਰਨ ਲਈ ਰਾਗਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ।	✔
ਪ੍ਰਸ਼ਨ 258	ਵਰਣ ਤਿੰਨ ਪ੍ਰਕਾਰ ਦੇ ਹੁੰਦੇ ਹਨ।	×
ਪ੍ਰਸ਼ਨ 259	ਜਦੋਂ ਕਿਸੇ ਸਵਰ ਦਾ ਸਵਰੂਪ ਇੱਕ ਹੀ ਜਗ੍ਹਾ ਤੇ ਸਥਿਰ ਹੋਵੇ, ਤਾਂ ਉਸਨੂੰ ਸਥਾਈ ਵਰਣ ਕਹਿੰਦੇ ਹਨ।	✔
ਪ੍ਰਸ਼ਨ 260	ਮੀਂਡ ਦੀ ਕ੍ਰਿਆ ਸਿਤਾਰ ਤੇ ਨਹੀਂ ਕੀਤੀ ਜਾ ਸਕਦੀ।	×
ਪ੍ਰਸ਼ਨ 261	ਝਾਲਾ ਵਿਲੰਬਿਤ ਲੈਅ ਵਿੱਚ ਕੀਤੀ ਜਾਣ ਵਾਲੀ ਇੱਕ ਕ੍ਰਿਆ ਹੈ।	×
ਪ੍ਰਸ਼ਨ 262	ਸੂਤ ਦੀ ਕ੍ਰਿਆ ਬਿਨਾਂ ਪਰਦੇ ਵਾਲੇ ਸਾਜ਼ਾਂ ਤੇ ਕੀਤੀ ਜਾਂਦੀ ਹੈ।	✔
ਪ੍ਰਸ਼ਨ 263	ਸ਼ੁੱਧ ਰਾਗ ਤੇ ਕਿਸੇ ਦੂਸਰੇ ਰਾਗ ਦੀ ਛਾਇਆ ਨਹੀਂ ਪੈਂਦੀ।	✔
ਪ੍ਰਸ਼ਨ 264	ਇੱਕ ਵਾਦਕ ਨੂੰ ਲੈਅ ਅਤੇ ਤਾਲ ਦਾ ਗਿਆਨ ਹੋਣਾ ਜ਼ਰੂਰੀ ਨਹੀਂ।	×
ਪ੍ਰਸ਼ਨ 265	ਇੱਕ ਚੰਗੇ ਵਾਦਕ ਨੂੰ ਸਰੋਤਿਆਂ ਦੀ ਰੁਚੀ ਅਨੁਸਾਰ ਵਜਾਉਣਾ ਚਾਹੀਦਾ ਹੈ।	✔
ਪ੍ਰਸ਼ਨ 266	ਪੰ. ਭਾਤਖੰਡੇ ਨੇ 10ਥਾਟਾਂ ਦੇ ਅੰਤਰਗਤ ਰਾਗ ਵਰਗੀਕਰਨ ਕੀਤਾ।	✔
ਪ੍ਰਸ਼ਨ 267	ਥਾਟ ਵਿੱਚ ਆਰੋਹ ਤੇ ਅਵਰੋਹ ਦੋਨਾਂ ਦਾ ਹੋਣਾ ਜ਼ਰੂਰੀ ਹੈ।	×
ਪ੍ਰਸ਼ਨ 268	ਥਾਟ ਵਿੱਚ ਰੰਜਕਤਾ ਦਾ ਹੋਣਾ ਜ਼ਰੂਰੀ ਨਹੀਂ।	✔
ਪ੍ਰਸ਼ਨ 269	ਤਾਲ ਰਹਿਤ ਸੰਗੀਤ ਮੁਰਦਾ ਸਰੀਰ ਦੇ ਸਮਾਨ ਹੈ।	✔
ਪ੍ਰਸ਼ਨ 270	ਲਲਿਤ ਕਲਾ ਤੋਂ ਲੌਕਿਕ ਅਤੇ ਅਲੌਕਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ।	✔
ਪ੍ਰਸ਼ਨ 271	ਚਿੱਤਰਕਲਾ ਇੱਕ ਸਰਵ ਸ਼੍ਰੇਸ਼ਠ ਲਲਿਤ ਕਲਾ ਹੈ।	×
ਪ੍ਰਸ਼ਨ 272	ਸੰਗੀਤਕਲਾ ਦੇ ਭਾਵ ਪ੍ਰਗਟਾਵੇ ਦਾ ਸਾਧਨ ਬਾਕੀ ਕਲਾਵਾਂ ਨਾਲੋਂ ਸੂਖਮ ਹੈ।	✔
ਪ੍ਰਸ਼ਨ 273	ਉ. ਅਲਾਉਦੀਨ ਖਾਂ ਇੱਕ ਪ੍ਰਸਿੱਧ ਗਾਇਕ ਸਨ।	×
ਪ੍ਰਸ਼ਨ 274	ਉ. ਅਲਾਉਦੀਨ ਖਾਂ ਨੇ ਉ. ਵਜ਼ੀਰ ਖਾਂ ਤੋਂ ਰਬਾਬ ਤੇ ਸਰੋਦ ਦੀ ਸਿੱਖਿਆ ਲਈ।	✔
ਪ੍ਰਸ਼ਨ 275	ਮਹਾਰਾਜਾ ਮੈਹਰ ਨੇ ਉ. ਅਲਾਉਦੀਨ ਖਾਂ ਨੂੰ ਸੰਗੀਤ ਨਾਇਕਾਂ ਦੀ ਉਪਾਧੀ ਦਿੱਤੀ।	✔
ਪ੍ਰਸ਼ਨ 276	ਨਿਖਿਲ ਬੈਨਰਜੀ ਦਾ ਜਨਮ ਦਿੱਲੀ ਵਿਖੇ ਹੋਇਆ।	×
ਪ੍ਰਸ਼ਨ 277	ਨਿਖਿਲ ਬੈਨਰਜੀ ਪ੍ਰਸਿੱਧ ਸਰੋਤ ਵਾਦਕ ਸਨ।	×
ਪ੍ਰਸ਼ਨ 278	ਪੰ. ਹਰਵਿੰਦਰ ਸ਼ਰਮਾ ਸਿਤਾਰ ਸਾਜ਼ ਵਜਾਉਂਦੇ ਹਨ।	✔
ਪ੍ਰਸ਼ਨ 279	ਗੁਰਮਤ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਤੋਂ ਪੰ. ਹਰਵਿੰਦਰ ਸ਼ਰਮਾ ਨੂੰ ਭਾਈ ਮਰਦਾਨਾ ਸੰਗੀਤੀ ਸਨਮਾਨ ਪ੍ਰਾਪਤ ਹੋਇਆ।	✔
ਪ੍ਰਸ਼ਨ 280	ਉ. ਵਿਲਾਇਤ ਖਾਂ ਦਾ ਸੰਬੰਧ ਗੌਰੀਪੁਰ ਘਰਾਣੇ ਨਾਲ ਹੈ।	✔
ਪ੍ਰਸ਼ਨ 281	ਉ. ਵਿਲਾਇਤ ਖਾਂ ਨੇ ਦੋ ਜੋੜੇ ਦੇ ਤਾਰ ਦੇ ਸਮਾਨ ਤੇ ਇੱਕ ਜੋੜੇ ਦਾ ਤਾਰ ਲਗਾਇਆ।	✔
ਪ੍ਰਸ਼ਨ 282	ਮਸੀਤਖਾਨੀ ਗਤ ਦਾ ਵਾਦਨ ਤਿੰਨ ਤਾਲ ਦੀ ਸੰਗਤ ਵਿੱਚ ਹੁੰਦਾ ਹੈ।	✔
ਪ੍ਰਸ਼ਨ 283	ਰਜ਼ਾਖਾਨੀ ਗਤ ਵਿਲੰਬਿਤ ਲੈਅ ਦੀ ਗਤ ਹੈ।	×
ਪ੍ਰਸ਼ਨ 284	ਸਰੋਦ ਸਾਜ਼ ਨੂੰ ਗਜ਼ ਨਾਲ ਵਜਾਇਆ ਜਾਂਦਾ ਹੈ।	×
ਪ੍ਰਸ਼ਨ 285	ਦਿਲਰੁਬਾ ਸਿਤਾਰ ਤੇ ਸਾਰੰਗੀ ਦਾ ਮਿਲਿਆ ਜੁਲਿਆ ਰੂਪ ਹੈ।	✔
ਪ੍ਰਸ਼ਨ 286	ਹਰਮੋਨੀਅਮ ਪੱਛਮੀ ਸਾਜ਼ ਹੈ।	✔
ਪ੍ਰਸ਼ਨ 287	ਰੂਪਕ ਤਾਲ ਦੀਆਂ 10 ਮਾਤਰਾਵਾਂ ਹੁੰਦੀਆਂ ਹਨ।	×
ਪ੍ਰਸ਼ਨ 288	ਰੂਪਕ ਤਾਲ ਤਬਲੇ ਦਾ ਤਾਲ ਹੈ।	✔
ਪ੍ਰਸ਼ਨ 289	ਇੱਕ ਤਾਲ ਦੀ ਤੀਸਰੀ ਮਾਤਰਾ ਤੇ 'ਧਾਗੇ' ਬੋਲ ਹੁੰਦਾ ਹੈ।	✔
ਪ੍ਰਸ਼ਨ 290	ਇੱਕ ਤਾਲ ਦੀ ਤੀਜੀ ਤੇ ਸੱਤਵੀਂ ਮਾਤਰਾ ਖਾਲੀ ਹੁੰਦੀ ਹੈ।	✔

ਪ੍ਰਸ਼ਨ 291	ਝੱਪ ਤਾਲ ਦੇ 2-2 ਮਾਤਰਾ ਤੇ 5 ਵਿਭਾਗ ਹੁੰਦੇ ਹਨ।	×
ਪ੍ਰਸ਼ਨ 292	ਝੱਪ ਤਾਲ ਵਿੱਚ ਤਿੰਨ ਤਾਲੀਆਂ ਹੁੰਦੀਆਂ ਹਨ।	✔
ਪ੍ਰਸ਼ਨ 293	ਸੂਲ ਤਾਲ ਪਖਾਵਜ ਦਾ ਤਾਲ ਹੈ।	✔
ਪ੍ਰਸ਼ਨ 294	ਤਿਲਵਾੜਾ ਤਾਲ ਵਿੱਚ ਨੌਵੀਂ ਮਾਤਰਾ ਤੇ ਖਾਲੀ ਹੁੰਦੀ ਹੈ।	✔
ਪ੍ਰਸ਼ਨ 295	ਤਿਲਵਾੜਾ ਤਾਲੇ ਦੇ 4-4 ਮਾਤਰਾ ਦੇ ਵਿਭਾਗ ਹੁੰਦੇ ਹਨ।	✔
ਪ੍ਰਸ਼ਨ 296	ਧਮਾਰ ਤਾਲ ਦਾ ਪ੍ਰਯੋਗ ਧਮਾਰ ਗਾਇਨ ਸ਼ੈਲੀ ਨਾਲ ਕੀਤਾ ਜਾਂਦਾ ਹੈ।	✔
ਪ੍ਰਸ਼ਨ 297	ਧਮਾਰ ਤਾਲ ਦੀਆਂ 12 ਮਾਤਰਾਵਾਂ ਹੁੰਦੀਆਂ ਹਨ।	×
ਪ੍ਰਸ਼ਨ 298	ਰਾਗ ਭੈਰਵ ਦਾ ਥਾਟ ਭੈਰਵੀ ਹੈ।	×
ਪ੍ਰਸ਼ਨ 299	ਰਾਗ ਭੈਹਵ ਦੀ ਜਾਤੀ ਸੰਪੂਰਨ-ਸੰਪੂਰਨ ਹੈ।	✔
ਪ੍ਰਸ਼ਨ 300	ਰਾਗ ਭੈਰਵ ਪ੍ਰਾਤ ਕਾਲੀਨ ਸੰਧੀ ਪ੍ਰਕਾਸ਼ ਰਾਗ ਹੈ।	✔
ਪ੍ਰਸ਼ਨ 301	ਰਾਗ ਮਾਲਕੌਂਸ ਦੀ ਵਾਦੀ-ਸੰਵਾਦੀ ਸਵਰ ਮ-ਸ ਹਨ।	✔
ਪ੍ਰਸ਼ਨ 302	ਰਾਗ ਮਾਲਕੌਂਸ ਦਾ ਥਾਟ ਆਸਾਵਰੀ ਹੈ।	×
ਪ੍ਰਸ਼ਨ 303	ਰਾਗ ਭੀਮਪਲਾਸੀ ਰਾਤ ਦੇ ਤੀਸਰੇ ਪਹਿਰ ਵਿੱਚ ਗਾਇਆ ਵਜਾਇਆ ਜਾਂਦਾ ਹੈ।	×
ਪ੍ਰਸ਼ਨ 304	ਰਾਗ ਭੀਮਪਲਾਸੀ ਦੀ ਜਾਤੀ ਔੜਵ-ਸੰਪੂਰਨ ਹੈ।	✔
ਪ੍ਰਸ਼ਨ 305	ਰਾਗ ਭੀਮਪਲਾਸੀ ਦਾ ਸਮਪ੍ਰਕ੍ਰਿਤਿਕ ਰਾਗ ਧਨਾਸਰੀ ਹੈ।	✔
ਪ੍ਰਸ਼ਨ 306	ਰਾਗ ਖਮਾਜ ਵਿੱਚ ਗ, ਨੀ ਸਵਰ ਕੋਮਲ ਲੱਗਦੇ ਹਨ।	×
ਪ੍ਰਸ਼ਨ 307	ਰਾਗ ਖਮਾਜ ਦੇ ਆਰੋਹ ਵਿੱਚ ਨੀ ਸ਼ੁੱਧ ਅਤੇ ਅਵਰੋਹ ਵਿੱਚ ਕੋਮਲ ਨੀ ਦਾ ਪ੍ਰਯੋਗ ਹੁੰਦਾ ਹੈ।	✔

ਬਹੁਭਾਂਤੀ ਪ੍ਰਸ਼ਨ

ਪ੍ਰਸ਼ਨ 308 'ਅਭਿਨਵ ਰਾਗ ਮੰਜਰੀ' ਗ੍ਰੰਥ ਦੀ ਰਚਨਾ ਕਿਸ ਨੇ ਕੀਤੀ?

ੳ) ਵਿਸ਼ਨੂੰ ਦਿਗੰਬਰ ਪੁਲਸਕਰ ਅ) ਪੰ. ਭਾਤਖੰਡੇ ੲ) ਪੰ ਰਵੀ ਸ਼ੰਕਰ ਉੱਤਰ: (ਅ)

ਪ੍ਰਸ਼ਨ 309 ਸੰਗੀਤ ਨਾਟਕ ਅਕਾਦਮੀ ਦੀ ਸਥਾਪਨਾ ਕਦੋਂ ਕੀਤੀ ਗਈ?

ੳ) 1950 ਅ) 1955 ੲ) 1953 ਉੱਤਰ: (ੲ)

ਪ੍ਰਸ਼ਨ 310 ਪ੍ਰਸਿੱਧ ਸ਼ਹਿਨਾਈ ਵਾਦਕ ਦਾ ਨਾਂ ਦੱਸੋ।

ੳ) ਪੰ. ਰਵੀ ਸ਼ੰਕਰ ਅ) ਪੰ. ਬਿਸਮਿੱਲਾ ਖਾਂ ੲ) ਪੰ ਸ਼ਿਵ ਕੁਮਾਰ ਸ਼ਰਮਾ ਉੱਤਰ: (ਅ)

ਪ੍ਰਸ਼ਨ 311 ਤੂੰਬੇ ਦੇ ਹੇਠਾਂ ਵਾਲੇ ਪਾਸੇ ਲੱਗੇ ਹੋਏ ਕਿੱਲ ਨੂੰ ਕੀ ਕਹਿੰਦੇ ਹਨ?

ੳ) ਘੁੜਚ ਅ) ਗੁੱਲੂ ੲ) ਲੰਗੋਟ ਉੱਤਰ: (ੲ)

ਪ੍ਰਸ਼ਨ 312 ਸਿਤਾਰ ਦੀਆਂ ਤਾਰਾਂ ਵਿੱਚ ਪਰੋਏ ਗਏ ਮੋਤੀ ਨੂੰ ਕੀ ਕਹਿੰਦੇ ਹਨ?

ੳ) ਮਣਕਾ ਅ) ਅੱਟੀ ੲ) ਤਾਰ ਗਹਿਣ ਉੱਤਰ: (ੳ)

ਪ੍ਰਸ਼ਨ 313 ਤਬਲੇ ਨੂੰ ਆਧੁਨਿਕ ਰੂਪ ਦੇਣ ਦਾ ਸਿਹਰਾ ਕਿਸ ਨੂੰ ਦਿੱਤਾ ਜਾਂਦਾ ਹੈ।

ੳ) ਸਿਧਾਰ ਖਾਂ ਅ) ਜ਼ਾਕਿਰ ਹੁਸੈਨ ੲ) ਉ. ਅੱਲਾ ਰੱਖਾ ਖਾਂ ਉੱਤਰ: (ੳ)

ਪ੍ਰਸ਼ਨ 314 ਤਬਲੇ ਦੀ ਪੁੜੀ ਦੇ ਉੱਪਰ ਲੱਗੀ ਖੱਲ ਦੀ ਪੱਟੀ ਨੂੰ ਕੀ ਕਹਿੰਦੇ ਹਨ?

ੳ)ਮੈਦਾਨ ਅ) ਚਾਟੀ ੲ) ਸਿਆਹੀ ਉੱਤਰ: (ਅ)

ਪ੍ਰਸ਼ਨ 315 ਪੂਰਵਾਂਗ ਦਾ ਖੇਤਰ ਦੱਸੋ।

ੳ)ਸ ਰੇ ਗ ਮ ਅ) ਪ ਸ ਨੀ ਸਂ ੲ) ਗ ਮ ਪ ਧ ਉੱਤਰ: (ੳ)

ਪ੍ਰਸ਼ਨ 316 ਮੀਂਡ ਦਾ ਚਿੰਨ੍ਹ ਦੱਸੋ।

ੳ)ਸਵਰਾਂ ਦੇ ਹੇਠਾਂ ਲਾਈਨ ਅ) ਸਵਰਾਂ ਦੇ ਉੱਪਰ ਬਿੰਦੀ ੲ) ਉਲਟਾ ਅਰਧ ਚੰਦਰ ਉੱਤਰ: (ੲ)

ਪ੍ਰਸ਼ਨ 317 ਮਿਜ਼ਰਾਬ ਦੇ ਬਾਹਰ ਤੋਂ ਅੰਦਰ ਨੂੰ ਪ੍ਰਹਾਰ ਕਰਨ ਨੂੰ ਕੀ ਕਹਿੰਦੇ ਹਨ?

ੳ)ਆਕਰਸ਼ ਪ੍ਰਹਾਰ ਅ) ਅਪਕਰਸ਼ ਪ੍ਰਹਾਰ ੲ) ਮੀਂਡ ਉੱਤਰ: (ੳ)

ਪ੍ਰਸ਼ਨ 318 ਹੇਠ ਲਿਖੇ ਰਾਗਾਂ ਵਿੱਚੋਂ ਸੰਕੀਰਣ ਰਾਗ ਚੁਣੋ।

ੳ)ਖਮਾਜ ਅ) ਅਹੀਰ-ਭੈਰਵ ੲ) ਭੈਰਵੀ ਉੱਤਰ: (ੲ)

ਪ੍ਰਸ਼ਨ 319 ਥਾਟ ਤੋਂ ਕਿਸ ਦੀ ਉਤਪੱਤੀ ਹੁੰਦੀ ਹੈ?

ੳ)ਤਾਲ ਅ) ਰਾਗ ੲ) ਮੇਲ ਉੱਤਰ: (ਅ)

ਪ੍ਰਸ਼ਨ 320 ਨੀ ਕੋਮਲ ਅਤੇ ਬਾਕੀ ਸਾਰੇ ਸ਼ੁੱਧ ਸਵਰਾਂ ਵਾਲਾ ਥਾਟ ਕਿਹੜਾ ਹੈ ?

ੳ)ਖਮਾਜ ਅ) ਕਾਫ਼ੀ ੲ) ਆਸਾਵਰੀ ਉੱਤਰ: (ੳ)

ਪ੍ਰਸ਼ਨ 321 ਰੇ , ਮੇ ਵਾਲਾ ਥਾਟ ਕਿਹੜਾ ਹੈ?

ੳ) ਭੈਰਵ ਅ) ਪੂਰਵੀ ੲ) ਮਾਰਵਾ ਉੱਤਰ: (ੲ)

ਪ੍ਰਸ਼ਨ 322 ਉ. ਅਲਾਉਦੀਨ ਖਾਂ ਦਾ ਜਨਮ ਕਦੋਂ ਹੋਇਆ?

ੳ) ਸੰਨ 1981 ਅ) ਸੰਨ 1881 ੲ) ਸੰਨ 1891 ਉੱਤਰ: (ਅ)

ਪ੍ਰਸ਼ਨ 323 ਉ. ਵਿਲਾਇਤ ਖਾਂ ਦੇ ਪਿਤਾ ਦਾ ਨਾਂ ਦੱਸੋ?

ੳ) ਉ.ਇਨਾਇਤ ਖਾਂ ਅ) ਉ.ਇਮਦਾਦ ਖਾਂ ੲ) ਉ. ਅਲਾਉਦੀਨ ਖਾਂ ਉੱਤਰ: (ੳ)

ਪ੍ਰਸ਼ਨ 324 ਪੰ. ਹਰਵਿੰਦਰ ਸ਼ਰਮਾ ਦਾ ਜਨਮ ਕਿੱਥੇ ਹੋਇਆ?

ੳ) ਅੰਮ੍ਰਿਤਸਰ ਅ) ਜਲੰਧਰ ੲ) ਕਪੂਰਥਲਾ ਉੱਤਰ: (ੲ)

ਪ੍ਰਸ਼ਨ 325 ਮਸੀਤਖਾਨੀ ਗਤ ਦਾ ਆਵਿਸ਼ਕਾਰ ਕਿਸਨੇ ਕੀਤਾ?

ੳ)ਮਸੀਤ ਖਾਂ ਅ) ਗੁਲਾਮ ਰਜ਼ਾ ਖਾਂ ੲ) ਅਮੀਰ ਖਾਂ ਉੱਤਰ: (ੳ)

ਪ੍ਰਸ਼ਨ 326 ਸ਼੍ਰੀ ਨਰਿੰਦਰ ਨਰੂਲਾ ਕਿਹੜੇ ਸਾਜ਼ ਵਜਾਉਂਦੇ ਹਨ?

ੳ) ਸਰੋਦ ਅ) ਸਿਤਾਰ ੲ) ਸਾਰੰਗੀ ਉੱਤਰ: (ਅ)

ਪ੍ਰਸ਼ਨ 327 ਸਿਤਾਰ ਦਾ ਤੂੰਬਾ ਕਿਸ ਚੀਜ਼ ਤੋਂ ਬਣਿਆ ਹੁੰਦਾ ਹੈ?

ੳ) ਲੱਕੜ ਅ) ਜੰਗਲੀ ਲੋਕ ੲ) ਧਾਤ ਤੋਂ

ਉੱਤਰ: (ਅ)

ਪ੍ਰਸ਼ਨ 328 ਦਿਲਰੁਬਾ ਦੇ ਮੁੱਖ ਤਾਰਾਂ ਦੀ ਸੰਖਿਆ ਦੱਸੋ।

ੳ) 7 ਅ) 8 ੲ) 5 ਉੱਤਰ: (ੲ)

ਪ੍ਰਸ਼ਨ 329 ਰੂਪਕ ਤਾਲ ਦੀ ਛੇਵੀਂ ਮਾਤਰਾ ਤੇ ਕਿਹੜਾ ਬੋਲ ਹੁੰਦਾ ਹੈ?

ੳ)ਤਿੰ ਅ) ਨਾ ੲ) ਧਿੰ ਉੱਤਰ: (ੲ)

ਪ੍ਰਸ਼ਨ 330 ਰੂਪਕ ਤਾਲ ਦੇ ਵਿਭਾਗ ਕਿੰਨ੍ਹੀਆਂ-ਕਿੰਨ੍ਹੀਆਂ ਮਾਤਰਾਵਾਂ ਦੇ ਹੁੰਦੇ ਹਨ?

ੳ) 3-2-2 ਅ) 2-3-2 ੲ) 2-2-3 ਉੱਤਰ: (ੳ)

ਪ੍ਰਸ਼ਨ 331 ਇੱਕ ਤਾਲ ਦੀ ਚੌਥੀ ਮਾਤਰਾ ਤੇ ਕਿਹੜਾ ਬੋਲ ਆਉਂਦਾ ਹੈ?

ੳ)ਧਾਗੇ ਅ) ਤਿਰਕਿਟ ੲ) ਧਿੰ ਉੱਤਰ: (ਅ)

ਪ੍ਰਸ਼ਨ 332 ਇੱਕ ਤਾਲ ਦੀਆਂ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?

ੳ) 10 ਅ) 12 ੲ) 16 ਉੱਤਰ: (ਅ)

ਪ੍ਰਸ਼ਨ 333 ਝੱਪ ਤਾਲ ਵਿੱਚ ਕਿੰਨ੍ਹੀਆਂ ਮਾਤਰਾਵਾਂ ਹੁੰਦੀਆਂ ਹਨ?

ੳ)10 ਅ) 12 ਏ) 16 ਉੱਤਰ: (ੳ)

ਪ੍ਰਸ਼ਨ 334 ਝੱਪ ਤਾਲ ਵਿੱਚ ਤਾਲੀ ਕਿਹੜੀ-ਕਿਹੜੀ ਮਾਤਰਾ ਤੇ ਹੁੰਦੀ ਹੈ?

ੳ) 10 ਅ) 12 ਏ) 16 ਉੱਤਰ: (ੳ)

ਪ੍ਰਸ਼ਨ 335 ਝੱਪ ਤਾਲ ਵਿੱਚ ਖਾਲੀ ਕਿਹੜੀ ਮਾਤਰਾ ਤੇ ਹੁੰਦੀ ਹੈ?

ੳ) 10 ਅ) 12 ਏ) 16 ਉੱਤਰ: (ੳ)

ਪ੍ਰਸ਼ਨ 336 ਸੂਲ ਤਾਲ ਦੇ ਕਿੰਨ੍ਹੇ ਵਿਭਾਗ ਹੁੰਦੇ ਹਨ?

ੳ)4 ਅ) 3 ਏ) 5 ਉੱਤਰ: (ੳ)

ਪ੍ਰਸ਼ਨ 337 ਸੂਲ ਤਾਲ ਦੀ ਸੱਤਵੀਂ ਮਾਤਰਾ ਤੇ ਕਿਹੜਾ ਬੋਲ ਹੁੰਦਾ ਹੈ?

ੳ) ਧਾ ਅ) ਤਿਟ ਏ) ਧਿੰ ਉੱਤਰ: (ਅ)

ਪ੍ਰਸ਼ਨ 338 ਤਿਲਵਾੜਾ ਤਾਲ ਦੇ ਕਿੰਨ੍ਹੇ ਵਿਭਾਗ ਹੁੰਦੇ ਹਨ?

ੳ) ਚਾਰ ਅ) ਛੇ ਏ) ਪੰਜ ਉੱਤਰ: (ੳ)

ਪ੍ਰਸ਼ਨ 339 ਤਿਲਵਾੜਾ ਤਾਲ ਨਾਲ ਮਿਲਦੀ-ਜੁਲਦੀ ਤਾਲ ਕਿਹੜੀ ਹੈ?

ੳ) ਝੱਪਤਾਲ ਅ) ਇੱਕ ਤਾਲ ਏ) ਤਿੰਨ ਤਾਲ ਉੱਤਰ: (ਏ)

ਪ੍ਰਸ਼ਨ 340 ਧਮਾਰ ਤਾਲ ਵਿੱਚ ਕਿੰਨ੍ਹੀਆਂ ਮਾਤਰਾਵਾਂ ਹੁੰਦੀਆਂ ਹਨ?

ੳ) 14 ਅ) 12 ਏ) 10 ਉੱਤਰ: (ੳ)

ਪ੍ਰਸ਼ਨ 341 ਧਮਾਰ ਤਾਲ ਦੇ ਵਿਭਾਗ ਕਿੰਨ੍ਹੀਆਂ-2 ਮਾਤਰਾਵਾਂ ਦੇ ਹੁੰਦੇ ਹਨ?

ੳ) 2-3-4-5 ਅ) 5-2-3-4 ਏ) 4-3-2-5 ਉੱਤਰ: (ਅ)

ਪ੍ਰਸ਼ਨ 342 ਰਾਗ ਭੈਰਵ ਦੇ ਵਾਦੀ-ਸੰਵਾਦੀ ਸਵਰ ਦੱਸੋ।

ੳ) ਧ-ਰੇ ਅ) ਗ-ਨੀ ਏ) ਰੇ-ਪ ਉੱਤਰ: (ੳ)

ਪ੍ਰਸ਼ਨ 343 ਰਾਗ ਭੈਰਵ ਦਾ ਗਾਇਨ ਸਮਾਂ ਦੱਸੋ।

ੳ) ਰਾਤ ਦਾ ਦੂਜਾ ਪਹਿਰ ਅ) ਦਿਨ ਦਾ ਦੂਜਾ ਪਹਿਰ ਏ) ਪ੍ਰਾਤ ਕਾਲ ਉੱਤਰ: (ਏ)

ਪ੍ਰਸ਼ਨ 344 ਰਾਗ ਭੈਰਵ ਦੀ ਜਾਤੀ ਦੱਸੋ।

ੳ) ਔੜਵ-ਸੰਪੂਰਣ ਅ) ਸੰਪੂਰਣ-ਸੰਪੂਰਣ ਏ) ਔੜਵ-ਸਾੜਵ ਉੱਤਰ: (ਅ)

ਪ੍ਰਸ਼ਨ 345 ਰਾਗ ਮਾਲਕੌਂਸ ਦਾ ਥਾਟ ਦੱਸੋ?

ੳ) ਆਸਾਵਰੀ ਅ) ਭੈਰਵੀ ਏ) ਤੋੜੀ ਉੱਤਰ: (ਅ)

ਪ੍ਰਸ਼ਨ 346 ਰਾਗ ਮਾਲਕੌਂਸ ਦਾ ਗਾਇਨ ਸਮਾਂ ਦੱਸੋ?

ੳ) ਰਾਤ ਦਾ ਤੀਜਾ ਪਹਿਰ ਅ) ਦਿਨ ਦੀ ਤੀਜਾ ਪਹਿਰ ਏ) ਪ੍ਰਾਤ ਕਾਲ ਉੱਤਰ: (ੳ)

ਪ੍ਰਸ਼ਨ 347 ਰਾਗ ਮਾਲਕੌਂਸ ਦੀ ਜਾਤੀ ਦੱਸੋ।

ੳ) ਔੜਵ-ਔੜਵ ਅ) ਔੜਵ-ਸੰਪੂਰਣ ਏ) ਸਾੜਵ-ਔੜਵ ਉੱਤਰ: (ੳ)

ਪ੍ਰਸ਼ਨ 348 ਰਾਗ ਭੀਮਪਲਾਸੀ ਦੇ ਥਾਟ ਦੱਸੋ।

ੳ) ਭੈਰਵੀ ਅ) ਪੂਰਵੀ ਏ) ਕਾਫ਼ੀ ਉੱਤਰ: (ਏ)

ਪ੍ਰਸ਼ਨ 349 ਰਾਗ ਭੀਮ ਪਲਾਸੀ ਦਾ ਵਾਦੀ-ਸੰਵਾਦੀ ਸੁਰ ਦੱਸੋ।

ੳ) ਮ-ਸ ਅ) ਪ-ਸ ਏ) ਗ-ਨੀ ਉੱਤਰ: (ੳ)

ਪ੍ਰਸ਼ਨ 350 ਰਾਗ ਭੀਮ ਪਲਾਸੀ ਦਾ ਸਮਪ੍ਰਿਕ੍ਰਿਤਿਕ ਰਾਗ ਦੱਸੋ।

ੳ) ਭੈਰਵ ਅ) ਧਨਾਸਰੀ ੲ) ਕਾਫ਼ੀ ਉੱਤਰ: (ਅ)

ਪ੍ਰਸ਼ਨ 351 ਰਾਗ ਖਮਾਜ ਦੀ ਜਾਤੀ ਦੱਸੋ।

ੳ) ਸਾੜਵ -ਸੰਪੂਰਨ ਅ) ਔੜਵ-ਸੰਪੂਰਨ ੲ) ਸਾੜਵ-ਸਾੜਵ ਉੱਤਰ: (ੳ)

ਪ੍ਰਸ਼ਨ 352 ਰਾਗ ਖਮਾਜ ਦਾ ਥਾਟ ਦੱਸੋ।

ੳ) ਕਾਫ਼ੀ ਅ) ਖਮਾਜ ੲ) ਆਸਾਵਰੀ ਉੱਤਰ: (ਅ)

ਸਹੀ ਮਿਲਾਨ ਕਰੋ:-

ਪ੍ਰਸ਼ਨ 353

1. ਸੰਗੀਤ ਕਲਾ	a. ਧਾਤੂ, ਮਿੱਟੀ, ਹਥੌੜੀ
2. ਕਾਵਿ ਕਲਾ	b. ਇੱਟਾਂ, ਪੱਥਰ, ਲੋਹਾ
3. ਚਿੱਤਰ ਕਲਾ	c. ਭਾਸ਼ਾ, ਸ਼ਬਦ
4. ਮੂਰਤੀ ਕਲਾ	d. ਰੰਗ ਅਤੇ ਬੁਰਸ਼
5. ਵਾਸਤੂ ਕਲਾ	e. ਸੱਤ ਸਵਰ

ਉੱਤਰ: 1-e, 2-c, 3-d, 4-a, 5-b

ਪ੍ਰਸ਼ਨ 354

1. ਸਿਤਾਰ	a. ਗਜ ਨਾਲ
2. ਸਾਰੰਗੀ	b. ਮਿਜ਼ਰਾਬ ਨਾਲ
3. ਸਰੋਦ	c. ਡੱਗੇ ਨਾਲ
4. ਢੋਲ	d. ਮੂੰਹ ਦੁਆਰਾ ਫੂਕ ਮਾਰਕੇ
5. ਬੰਸਰੀ	e. ਜਵਾ ਨਾਲ

ਉੱਤਰ: 1-b, 2-*a*, 3-*e*, 4-*c*, 5-*d*

ਪ੍ਰਸ਼ਨ 355

1. ਰੂਪਕ ਤਾਲ	a. 4-4-4-4
2. ਝੱਪ ਤਾਲ	b. 5-2-3-4
3. ਧਮਾਰ ਤਾਲ	c. 2-2-2-2-2
4. ਤਿਲਵਾੜਾ ਤਾਲ	d. 2-3-2-3
5. ਸੂਲ ਤਾਲ	e. 3-2-2

ਉੱਤਰ: 1-e, 2- d, , 3- b 4-a, 5- c

ਸਹੀ ਮਿਲਾਣ ਕਰੋ:-

ਪ੍ਰਸ਼ਨ 356

1. ਵਿਲਾਇਤ ਖਾਂ	a. ਸੰਤੂਰ
2. ਪੰ. ਸ਼ਿਵ ਕੁਮਾਰ ਸ਼ਰਮਾ	b. ਸ਼ਹਿਨਾਈ
3. ਪੰ.ਹਰੀ ਪ੍ਰਸਾਦ ਚੌਰਸੀਆ	c. ਸਿਤਾਰ
4. ਉ. ਬਿਸਮਿੱਲਾ ਖਾਂ	d. ਤਬਲਾ
5. ਉ. ਜ਼ਾਕਿਰ ਹੁਸੈਨ	e. ਬੰਸਰੀ

ਉੱਤਰ: 1-c 2-a, 3-e, 4-b, 5-d

ਪ੍ਰਸ਼ਨ 357

1. ਬਾਜ ਦਾ ਤਾਰ	a. ਮੰਦਰ ਸਪਤਕ 'ਸ
2. ਜੋੜੀ ਦਾ ਤਾਰ	b. ਅਤਿ ਮੰਦਰ ਸਪਤਕ 'ਪ'
3. ਲਰਜ਼ ਦਾ ਤਾਰ	c. ਮੰਦਰ ਸਪਤਕ 'ਮ'
4. ਪੰਚਮ ਦਾ ਤਾਰ	d. ਤਾਰ ਸਂ

	5. ਚਿਕਾਰੀ ਦਾ ਤਾਰ	e. ਮੰਦਰ ਸਪਤਕ 'ਪ'

ਉੱਤਰ: 1-*c*, 2-*a*, 3-*b*, 4-*e*, 5-*d*

ਪ੍ਰਸ਼ਨ 358	1. ਥਾਟ ਬਿਲਾਵਲ	a. ਰੇ, ਧ ਕੋਮਲ ਬਾਕੀ ਸਵਰ ਸ਼ੁੱਧ
	2. ਥਾਟ ਭੈਰਵ	b. ਗ, ਨੀ ਕੋਮਲ ਬਾਕੀ ਸਵਰ ਸ਼ੁੱਧ
	3. ਥਾਟ ਕਾਫ਼ੀ	c. ਸਾਰੇ ਸਵਰ ਸ਼ੁੱਧ
	4. ਥਾਟ ਮਾਰਵਾ	d. ਗ, ਧ, ਨੀ ਕੋਮਲ ਬਾਕੀ ਸਵਰ ਸ਼ੁੱਧ
	5. ਥਾਟ ਆਸਾਵਰੀ	e. ਰੇ, ਮੇ ਤੀਵਰ ਬਾਕੀ ਸਵਰ ਸ਼ੁੱਧ

ਉੱਤਰ: 1-c, 2- a, ,3- b 4-*e*, 5- *d*

ਪ੍ਰਸ਼ਨ 359	1. ਰਾਗ ਭੈਰਵ	a. ਭੈਰਵੀ ਥਾਟ
	2. ਰਾਗ ਮਾਲਕੌਂਸ	b. ਕਾਫ਼ੀ ਥਾਟ
	3. ਰਾਗ ਭੀਮ ਪਲਾਸੀ	c. ਖਮਾਜ ਥਾਟ
	4. ਰਾਗ ਖਮਾਜ	d. ਭੈਰਵ ਥਾਟ

ਉੱਤਰ: 1-*d*, 2- *a*, ,3- b 4-c

ਪ੍ਰਸ਼ਨ 360	1. ਤਿਲਵਾੜਾ ਤਾਲ	a. 14 ਮਾਤਰਾਵਾਂ
	2. ਰੂਪਕ ਤਾਲ	b. 12 ਮਾਤਰਾਵਾਂ
	3. ਏਕ ਤਾਲ	c. 10 ਮਾਤਰਾਵਾਂ
	4. ਧਮਾਰ ਤਾਲ	d. 7 ਮਾਤਰਾਵਾਂ
	5. ਸੂਲ ਤਾਲ	e. 16 ਮਾਤਰਾਵਾਂ

ਉੱਤਰ: 1-*e* 2-d, 3-b, 4-a, 5-c

ਪ੍ਰਸ਼ਨ 361	1. ਮਸੀਤ ਖਾਨੀ ਬਾਜ	a. ਗੁਲਾਮ ਰਜ਼ਾ ਖਾਂ
	2. ਰਜ਼ਾਖਾਨੀ ਬਾਜ	b. ਮਸੀਤ ਖਾਂ
	3. ਜਾਫਰ ਖਾਨੀ ਬਾਜ	c. ਉ. ਵਿਲਾਇਤ ਖਾਂ
	4. ਵਿਲਾਇਤ ਖਾਨੀ ਬਾਜ	d. ਉ. ਅਬਦੁੱਲ ਹਲੀਮ ਜ਼ਾਫ਼ਰ ਖਾਂ

ਉੱਤਰ: 1-*b*, 2- a, ,3- *d* 4-*c*,

ਇੱਕ ਤੋਂ ਦੋ ਵਾਕਾਂ, ਪੰਜ ਤੋਂ ਅੱਠ ਵਾਕਾਂ ਵਾਲੇ ਪ੍ਰਸ਼ਨ/ਉੱਤਰ

ਪ੍ਰਸ਼ਨ 362 ਸਿਤਾਰ ਦੀਆਂ ਤਾਰਾਂ ਦੀ ਸੰਖਿਆਂ ਬਾਰੇ ਲਿਖੋ।

ਪ੍ਰਸ਼ਨ 363 ਤਬਲੇ ਦੇ ਦੋ ਭਾਗਾਂ ਬਾਰੇ ਲਿਖੋ।

ਪ੍ਰਸ਼ਨ 364 ਸੱਜੇ ਤਬਲੇ ਬਾਰੇ ਲਿਖੋ।

ਪ੍ਰਸ਼ਨ 365 ਖੱਬੇ ਤਬਲੇ ਬਾਰੇ ਲਿਖੋ।

ਪ੍ਰਸ਼ਨ 366 ਪੂਰਵਾਂਗ ਤੋਂ ਕੀ ਭਾਵ ਹੈ?

ਪ੍ਰਸ਼ਨ 367 ਉਤਰਾਂਗ ਤੋਂ ਕੀ ਭਾਵ ਹੈ?

ਪ੍ਰਸ਼ਨ 368 ਰੇ,ਧ ਸ਼ੁੱਧ ਸਵਰਾਂ ਵਾਲੇ ਰਾਗਾਂ ਦੇ ਸਮੇਂ ਬਾਰੇ ਲਿਖੋ।

ਪ੍ਰਸ਼ਨ 369 ਰੇ, ਧ ਕੋਮਲ ਸਵਰ ਵਾਲੇ ਰਾਗਾਂ ਦੇ ਸਮੇਂ ਬਾਰੇ ਲਿਖੋ।

ਪ੍ਰਸ਼ਨ 370 ਮੀਂਡ ਤੋਂ ਕੀ ਭਾਵ ਹੈ?

ਪ੍ਰਸ਼ਨ 371 ਅਨੁਲੋਮ ਮੀਂਡ ਬਾਰੇ ਲਿਖੋ।

ਪ੍ਰਸ਼ਨ 372 ਵਿਲੋਮ ਮੀੰਡ ਬਾਰੇ ਲਿਖੋ।

ਪ੍ਰਸ਼ਨ 373 ਮਿਜ਼ਰਾਬ ਬਾਰੇ ਸੰਖੇਪ ਨੋਟ ਲਿਖੋ।

ਪ੍ਰਸ਼ਨ 374 ਝਾਲਾ ਕਿੰਨ੍ਹੇ ਪ੍ਰਕਾਰ ਦਾ ਹੈ। ਨਾਂ ਲਿਖੋ।

ਪ੍ਰਸ਼ਨ 375 ਸੁਲਟ ਝਾਲੇ ਬਾਰੇ ਲਿਖੋ।

ਪ੍ਰਸ਼ਨ 376 ਉਲਟ ਝਾਲੇ ਬਾਰੇ ਲਿਖੋ।

ਪ੍ਰਸ਼ਨ 377 ਚਿਕਾਰੀ ਕਿਸ ਨੂੰ ਕਹਿੰਦੇ ਹਨ।

ਪ੍ਰਸ਼ਨ 378 ਗਮਕ ਬਾਰੇ ਲਿਖੋ।

ਪ੍ਰਸ਼ਨ 379 ਕ੍ਰਿਤਨ ਬਾਰੇ ਲਿਖੋ।

ਪ੍ਰਸ਼ਨ 380 ਸ਼ੁੱਧ ਰਾਗ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 381 ਛਾਇਆ ਲੱਗ ਰਾਗ ਬਾਰੇ ਲਿਖੋ।

ਪ੍ਰਸ਼ਨ 382 ਵਾਦਕ ਦੇ ਕੋਈ ਦੋ ਗੁਣ ਦੱਸੋ।

ਪ੍ਰਸ਼ਨ 383 ਵਾਦਕ ਦੇ ਚਾਰ ਦੋਸ਼ ਦੱਸੋ।

ਪ੍ਰਸ਼ਨ 384 ਥਾਟ ਦੀ ਪਰਿਭਾਸ਼ਾ ਲਿਖੋ।

ਪ੍ਰਸ਼ਨ 385 ਥਾਟ ਦੇ ਕੋਈ ਦੋ ਨਿਯਮ ਲਿਖੋ।

ਪ੍ਰਸ਼ਨ 386 ਥਾਟ ਬਿਲਾਵਲ ਤੇ ਥਾਟ ਤੋੜੀ ਬਾਰੇ ਲਿਖੋ।

ਪ੍ਰਸ਼ਨ 387 ਥਾਟ ਮਾਰਵਾ ਤੇ ਥਾਟ ਪੂਰਵੀ ਬਾਰੇ ਲਿਖੋ।

ਪ੍ਰਸ਼ਨ 388 ਥਾਟ ਤੇ ਰਾਗ ਦੇ ਨਿਯਮਾਂ ਦੀ ਤੁਲਨਾਤਮਕ ਟਿੱਪਣੀ ਲਿਖੋ।

ਪ੍ਰਸ਼ਨ 389 ਰਜ਼ਾਖਾਨੀ ਬਾਜ ਬਾਰੇ ਲਿਖੋ।

ਪ੍ਰਸ਼ਨ 390 ਲਲਿਤ ਕਲਾਵਾਂ ਤੋਂ ਕੀ ਭਾਵ ਹੈ?

ਪ੍ਰਸ਼ਨ 391 ਲਲਿਤ ਕਲਾਵਾਂ ਦੀਆਂ ਪੰਜ ਸ਼੍ਰੇਣੀਆਂ ਦੇ ਨਾਂ ਲਿਖੋ।

ਪ੍ਰਸ਼ਨ 392 ਸੰਗੀਤ ਤੇ ਮੂਰਤੀ ਕਲਾ ਬਾਰੇ ਲਿਖੋ।

ਪ੍ਰਸ਼ਨ 393 ਉ. ਅਲਾਉਦੀਨ ਖਾਂ ਦੇ ਜਨਮ ਦੇ ਮਾਤਾ-ਪਿਤਾ ਬਾਰੇ ਲਿਖੋ।

ਪ੍ਰਸ਼ਨ 394 ਨਿਖਿਲ ਬੈਨਰਜੀ ਦੇ ਜਨਮ ਤੇ ਸਿੱਖਿਆ ਬਾਰੇ ਲਿਖੋ।

ਪ੍ਰਸ਼ਨ 395 ਡਾ. ਪੰਡਿਤ ਹਰਵਿੰਦਰ ਕੁਮਾਰ ਸ਼ਰਮਾ ਨੂੰ ਪ੍ਰਾਪਤ ਉਪਾਧੀ ਅਤੇ ਸਨਮਾਨ ਬਾਰੇ ਲਿਖੋ।

ਪ੍ਰਸ਼ਨ 396 ਉ. ਵਿਲਾਇਤ ਖਾਂ ਬਾਰੇ ਸੰਖੇਪ ਵਿੱਚ ਲਿਖੋ।

ਪ੍ਰਸ਼ਨ 397 ਏਕਲ ਵਾਦਨ ਤੋਂ ਕੀ ਭਾਵ ਹੈ?

ਪ੍ਰਸ਼ਨ 398 ਮਸੀਤ ਖਾਨੀ ਬਾਜ ਬਾਰੇ ਲਿਖੋ।

ਪ੍ਰਸ਼ਨ 399 ਰਜਾਖਾਨੀ ਬਾਜ ਬਾਰੇ ਲਿਖੋ।

ਪ੍ਰਸ਼ਨ 400 ਉ. ਵਿਲਾਇਤ ਖਾਂ ਦੀ ਵਾਦਨ ਸ਼ੈਲੀ ਬਾਰੇ ਲਿਖੋ।

ਪ੍ਰਸ਼ਨ 401 ਨਿਖਿਲ ਬੈਨਰਜੀ ਦੀ ਵਾਦਨ ਸੈਲੀ ਬਾਰੇ ਲਿਖੋ।

ਪ੍ਰਸ਼ਨ 402 ਸ਼੍ਰੀ ਨਰਿੰਦਰ ਨਰੂਲਾ ਜੀ ਦੀ ਵਾਦਨ ਸ਼ੈਲੀ ਬਾਰੇ ਲਿਖੋ।

ਪ੍ਰਸ਼ਨ 403 ਸਿਤਾਰ ਬਾਰੇ ਸੰਖੇਪ ਨੋਟ ਲਿਖੋ।

ਪ੍ਰਸ਼ਨ 404 ਸਰੋਦ ਬਾਰੇ ਸੰਖੇਪ ਨੋਟ ਲਿਖੋ।

ਪ੍ਰਸ਼ਨ 405 ਦਿਲਰੁਬਾ ਬਾਰੇ ਲਿਖੋ।

ਪ੍ਰਸ਼ਨ 406 ਸਾਰੰਗੀ ਬਾਰੇ ਸੰਖੇਪ ਲਿਖੋ।

ਪ੍ਰਸ਼ਨ 407 ਸ਼ਹਿਨਾਈ ਬਾਰੇ ਲਿਖੋ।

ਪ੍ਰਸ਼ਨ 408 ਕੋਈ ਦੋ ਅਲੰਕਾਰ ਲਿਖੋ।

ਪ੍ਰਸ਼ਨ 409 ਭੈਰਵ ਰਾਗ ਦਾ ਪਰਿਚੇ ਲਿਖੋ।

ਪ੍ਰਸ਼ਨ 410 ਰਾਗ ਭੈਰਵ ਦਾ ਅਰੋਹ, ਅਵਰੋਹ ਪਕੜ ਲਿਖੋ।

ਪ੍ਰਸ਼ਨ 411 ਰਾਗ ਮਾਲਕੌਂਸ ਦਾ ਅਰੋਹ, ਅਵਰੋਹ, ਪਕੜ ਲਿਖੋ।

ਪ੍ਰਸ਼ਨ 412 ਰਾਗ ਮਾਲਕੌਂਸ ਦਾ ਪਰਿਚੈ ਲਿਖੋ।

ਪ੍ਰਸ਼ਨ 413 ਰਾਗ ਖਮਾਜ ਦਾ ਪਰਿਚੈ ਲਿਖੋ।

ਪ੍ਰਸ਼ਨ 414 ਰਾਗ ਖਮਾਜ ਦਾ ਅਰੋਹ, ਅਵਰੋਹ, ਪਕੜ ਲਿਖੋ।

ਪ੍ਰਸ਼ਨ 415 ਰੂਪਕ ਤਾਲ ਦਾ ਪਰਿਚੈ ਲਿਖੋ।

ਪ੍ਰਸ਼ਨ 416 ਰੂਪਕ ਤਾਲ ਦੀ ਇਕ ਗੁਣ ਲੈਅਕਾਰੀ ਲਿਖੋ।

ਪ੍ਰਸ਼ਨ 417 ਇੱਕ ਤਾਲ ਦਾ ਪਰਿਚੈ ਲਿਖੋ।

ਪ੍ਰਸ਼ਨ 418 ਇੱਕ ਤਾਲ ਦੀ ਇੱਕ ਗੁਣ ਲੈਅਕਾਰੀ ਲਿਖੋ।

ਪ੍ਰਸ਼ਨ 419 ਝੱਪ ਤਾਲ ਦਾ ਠੇਕਾ ਲਿਖੋ।

ਪ੍ਰਸ਼ਨ 420 ਝੱਪ ਤਾਲ ਦਾ ਪਰਿਚੈ ਲਿਖੋ।

ਪ੍ਰਸ਼ਨ 421 ਸੂਲ ਤਾਲ ਦਾ ਪਰਿਚੈ ਲਿਖੋ।

ਪ੍ਰਸ਼ਨ 422 ਸੂਲ ਤਾਲ ਦਾ ਠੇਕਾ ਲਿਖੋ।

ਪ੍ਰਸ਼ਨ 423 ਤਿਲਵਾੜਾ ਤਾਲ ਦਾ ਪਰਿਚੈ ਲਿਖੋ।

ਪ੍ਰਸ਼ਨ 424 ਤਿਲਵਾੜਾ ਤਾਲ ਦਾ ਠੇਕਾ ਲਿਖੋ।

ਪ੍ਰਸ਼ਨ 425 ਰਾਗ ਦੇ ਚਾਰ ਨਿਯਮ ਲਿਖੋ।

ਪ੍ਰਸ਼ਨ 426 ਸੰਗੀਤ ਵਿੱਚ ਤਾਲ ਦਾ ਕੀ ਮਹੱਤਵ ਹੈ, ਦੱਸੋ।

ਪ੍ਰਸ਼ਨ 427 ਮਸੀਤ ਖਾਨੀ ਗਤ ਬਾਰੇ ਲਿਖੋ।

ਪ੍ਰਸ਼ਨ 428 ਧਮਾਰ ਤਾਲ ਦਾ ਪਰਿਚੈ ਲਿਖੋ।

ਪ੍ਰਸ਼ 429 ਧਮਾਰ ਤਾਲ ਦਾ ਠੇਕਾ ਲਿਖੋ।

ਪ੍ਰਸ਼ਨ 430 ਰਾਗ ਭੈਰਵ ਦੀਆਂ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ 431 ਰਾਗ ਭੀਮਪਲਾਸੀ ਦੀਆਂ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ 432 ਰਾਗ ਖਮਾਜ ਦੀਆਂ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ 433 ਝਾਲਾ ਕਿਸ ਨੂੰ ਕਹਿੰਦੇ ਹਨ?

ਪ੍ਰਸ਼ਨ 434 ਰਾਗ ਭੀਮਪਲਾਸੀ ਦੀ ਰਜਾਖਾਨੀ ਗਤ ਦੀ ਸਥਾਈ ਲਿਖੋ।

ਪ੍ਰਸ਼ਨ 435 ਰਾਗ ਖਮਾਜ ਦੀ ਮਸੀਤਖਾਨੀ ਗਤ ਦੀ ਸਥਾਈ ਲਿਖੋ।

ਪ੍ਰਸ਼ਨ 436 ਰਾਗ ਖਮਾਜ ਦੀ ਮਸੀਤਖਾਨੀ ਗਤ ਦੇ ਦੋ ਤੋੜੇ ਲਿਖੋ

ਪ੍ਰਸ਼ਨ 437 ਰਾਗ ਖਮਾਜ ਦੀ ਰਜਾਖਾਨੀ ਗਤ ਦੀ ਸਥਾਈ ਲਿਖੋ।

ਪ੍ਰਸ਼ਨ 438 ਰਾਗ ਖਮਾਜ ਦੀ ਰਜਾਖਾਨੀ ਗਤ ਦੇ ਕੋਈ ਦੋ ਤੋੜੇ ਲਿਖੋ।

ਪ੍ਰਸ਼ਨ 439 ਪਾਠ ਕ੍ਰਮ ਦੇ ਰਾਗਾਂ ਵਿੱਚੋਂ ਕਿਸੇ ਇੱਕ ਰਾਗ ਦੀ ਰਜਾਖਾਨੀ ਗਤ ਲਿਖੋ।

ਪ੍ਰਸ਼ਨ 440 ਬਾਹਰਾ ਮਾਤਰਾ ਵਾਲੀ ਤਾਲ ਦੀ ਦੁਗਣ ਲੈਅਕਾਰੀ ਲਿਖੋ।

ਪ੍ਰਸ਼ਨ 441 ਰਾਗ ਭੀਮਪਲਾਸੀ ਦੀ ਰਜਾਖਾਨੀ ਗਤ ਦੀ ਸਥਾਈ ਲਿਖੋ।

ਪ੍ਰਸ਼ਨ 442 ਰਾਗ ਭੀਮਪਲਾਸੀ ਦੀ ਰਜਾਖਾਨੀ ਗਤ ਦੇ ਦੋ ਤੋੜੇ ਲਿਖੋ।

ਪ੍ਰਸ਼ਨ 443 ਰਾਗ ਭੈਰਵ ਦੀਆਂ ਵਿਸ਼ੇਸ਼ਤਾਵਾਂ ਲਿਖੋ।